# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੩: ਵਿੱਲੀਪੁਨਰਵਨ (ਸੋਝੀ ਨੂੰ ਸੱਦਾ)

ਵਿੱਲੀਪੁਨਰਵਨ, ਸੋਝੀ ਨੂੰ ਸੱਦਾ, ਬੇਗਰਜ਼ ਪਾਲਣਹਾਰ ਗੁਰੂ ਨਾਨਕ ਦੀ ਅਕਾਲ ਸੋਚ ਜਿਸ ਨੇ 'ਪੰਚ ਭੂਤਾ ਸਥਲਮ' ਵਿੱਚ ਕਾਇਨਾਤੀ ਕਲਿਆਣ ਦਾ ਸਦੀਵੀ ਮੰਤਰ ਪੇਸ਼ ਕੀਤਾ।

ਸਤ ਸੰਤੋਖੀ ਸਤਿਗੁਰੁ ਪੂਰਾ॥
ਗੁਰ ਕਾ ਸਬਦੁ ਮਨੇ ਸੋ ਸੂਰਾ॥
ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ॥
(ਰਾਗ ਮਾਰੂ, ਗੁਰੂ ਨਾਨਕ)

ਸੱਚਾ ਅਤੇ ਸੰਤੋਖੀ ਹੀ ਸਤਿਗੁਰੂ (ਜੋ ਹਨੇਰੇ ਤੋਂ ਰੌਸ਼ਨੀ ਵੱਲ ਲਿਜਾਂਦਾ ਹੈ) ਹੁੰਦਾ ਹੈ।
ਰੂਹਾਨੀ ਸ਼ਬਦ ਉੱਤੇ ਯਕੀਨ ਕਰਨ ਵਾਲਾ ਸੂਰਾ ਹੁੰਦਾ ਹੈ।
ਸੱਚਾ ਗਿਆਨ ਉਨ੍ਹਾਂ ਨੂੰ ਹਾਸਿਲ ਹੁੰਦਾ ਹੈ ਜੋ ਇਮਾਨਦਾਰੀ ਅਤੇ ਸੰਤੋਖ ਨਾਲ ਕੁਦਰਤ ਦੇ ਨੇਮ ਵਿੱਚ ਰਹਿੰਦੇ ਹਨ।
(ਰਾਗ ਮਾਰੂ, ਗੁਰੂ ਨਾਨਕ)

ਸੂਰਾ ਆਪਣੇ ਦੁਸ਼ਮਣ ਨੂੰ ਹਰਾਉਣ ਲਈ ਪੈਂਤੜਾ ਅਖ਼ਤਿਆਰ ਕਰਦਾ ਹੈ। ਸੂਰਾ ਉਹ ਹੁੰਦਾ ਹੈ ਜੋ ਭੈਅ ਉੱਤੇ ਕਾਬੂ ਪਾਉਂਦਾ ਹੈ ਅਤੇ ਜਿੱਤ ਵਜੋਂ ਸੰਤੋਖ ਅਤੇ ਸੱਚ ਨੂੰ ਹਾਸਿਲ ਕਰਦਾ ਹੈ।

ਪੁਰੀ ਵਿੱਚ ਕੁਝ ਸਮਾਂ ਕਿਆਮ ਕਰਨ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਦੱਖਣ ਵੱਲ ਸਫ਼ਰ ਸ਼ੁਰੂ ਕੀਤਾ ਅਤੇ ਗੰਜਮ, ਗੁੰਟੂਰ, ਕਾਂਚੀਪੁਰਮ, ਤਿਰੁਵੰਨਾਮਲਾਈ ਅਤੇ ਤਿਰੁਚਿਰਾਪੱਲੀ ਤੋਂ ਹੁੰਦੇ ਨਾਗਾਪੱਟੀਨਮ ਦੀ ਬੰਦਰਗਾਹ ਉੱਤੇ ਪਹੁੰਚ ਗਏ। ਪਹਿਲਾਂ ਉਹ ਦੱਖਣ ਵਾਲੇ ਪਾਸੇ ਨੂੰ ਪੁਰੀ ਤੋਂ ਗੰਜਮ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਹੁਣ ਪੁਰੀ ਤੋਂ ਗੰਜਮ ਦਾ ਸਫ਼ਰ ਕਰ ਰਹੇ ਹਾਂ।

ਕੁਝ ਲਿਖਤਾਂ ਵਿੱਚ ਦਰਜ ਹੈ ਕਿ ਪੁਰੀ ਵਿੱਚ ਕਿਆਮ ਕਰਨ ਤੋਂ ਬਾਅਦ ਗੁਰੂ ਨਾਨਕ ਅਤੇ ਭਾਈ ਮਰਦਾਨਾ ਵਾਪਸ ਪੰਜਾਬ ਵਿੱਚ ਨਨਕਾਣਾ ਸਾਹਿਬ ਚਲੇ ਗਏ। ਮਿਹਰਬਾਨ ਅਤੇ ਭਾਈ ਮਨੀ ਸਿੰਘ ਵਾਲੀਆਂ ਜਨਮਸਾਖੀਆਂ ਵਿੱਚ ਦਰਜ ਹੈ ਕਿ ਪੁਰੀ ਤੋਂ ਉਨ੍ਹਾਂ ਨੇ ਦੱਖਣ ਦਾ ਸਫ਼ਰ ਕੀਤਾ। 'ਜਨਮਸਾਖੀਆਂ' ਦੀ ਰਵਾਇਤ ਬਾਰੇ ਡਾ. ਕਿਰਪਾਲ ਸਿੰਘ ਦੇ ਜਾਇਜ਼ੇ ਮੁਤਾਬਕ ਅਸੀਂ ਪੁਰੀ ਤੋਂ ਦੱਖਣ ਵਾਲੇ ਪਾਸੇ ਨੂੰ ਗੰਜਮ ਜਾ ਰਹੇ ਹਾਂ।

ਗੰਜਮ ਵਿੱਚ ਰੁਸ਼ੀਕੁਲਿਆ ਨਦੀ ਦੇ ਕਿਨਾਰੇ ਅਸੀਂ ਕੁਮਾਰੀ ਪਹਾੜ ਦੇ ਸ਼ਿਖ਼ਰ ਉੱਤੇ ਇੱਕ ਪੁਰਾਤਨ ਮਜ਼ਹਬੀ ਅਸਥਾਨ ਉੱਤੇ ਜਾ ਰਹੇ ਹਾਂ।

**ਅਮਰਦੀਪ ਸਿੰਘ:** ਗੰਜਮ ਵਿੱਚ ਤਾਰਾਤਾਰੀਨੀ 'ਸ਼ਕਤੀ ਪੀਠ' ਹੈ। ਇਹ 'ਸ਼ਕਤੀ' ਮਤ ਦਾ ਅਹਿਮ ਅਸਥਾਨ ਹੈ ਜਿਸ ਵਿੱਚ ਨਾਰੀ ਊਰਜਾ ਨੂੰ ਸਰਵਉੱਚ ਮੰਨਿਆ ਜਾਂਦਾ ਹੈ।

'ਸ਼ਕਤੀ' ਦਾ ਮਾਅਨਾ ਤਾਕਤ ਹੈ। ਇਹ ਸੰਵੇਦਨਾ ਦੀ ਨੁਮਾਇੰਦਗੀ ਕਰਦੀ ਹੈ ਪਰ ਇਹ ਗਤੀਸ਼ੀਲ ਨਾਰੀ ਸ਼ਕਤੀ ਹੈ ਜਿਸ ਵਿੱਚ ਬੇਗ਼ਰਜ਼ ਪਾਲਣਹਾਰ ਦੇ ਗੁਣ ਹਨ। ਹਮਦਿਲੀ ਤੋਂ ਬਿਨਾਂ ਸਮਾਜ ਦੀ ਬੇਹਤਰੀ ਲਈ ਵਿਗਾਸ ਨਹੀਂ ਹੋ ਸਕਦਾ। ਸ਼ਿਵ ਮਤ ਦੇ ਮੁਤਾਬਕ ਸਤੀ ਨੇ ਆਪਣੇ ਪਤੀ, ਸ਼ਿਵ ਅੰਦਰ ਹਮਦਿਲੀ ਦਾ ਅਹਿਸਾਸ ਜਗਾਉਣ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕੀਤੀ ਸੀ। ਲੰਘੇ ਵਕਤ ਦੀ ਬੇਲਾਗਤਾ ਦਾ ਅਹਿਸਾਸ ਕਰਦੇ ਹੋਏ ਭਗਵਾਨ ਸ਼ਿਵ ਕਈ ਦਿਨਾਂ ਤੱਕ ਸਤੀ ਦੀ ਲਾਸ਼ ਚੁੱਕੀ ਫਿਰਦੇ ਰਹੇ। ਭਗਵਾਨ ਸ਼ਿਵ ਨੂੰ ਅੱਗੇ ਤੋਰਨ ਅਤੇ ਨਵੀਂ ਜਾਗ ਦਾ ਅਹਿਸਾਸ ਕਰਵਾਉਣ ਦੇ ਇਰਾਦੇ ਨਾਲ ਭਗਵਾਨ ਵਿਸ਼ਨੂੰ ਨੇ ਸਤੀ ਦੀ ਲਾਸ਼ ਦੇ ਟੋਟੇ ਕਰ ਦਿੱਤੇ ਜੋ ਬਰੇ-ਸਗੀਰ ਦੇ ਇਕਵੰਜਾ ਅਸਥਾਨ ਉੱਤੇ ਗਿਰੇ। ਇਨ੍ਹਾਂ ਸਾਰੇ ਅਸਥਾਨ ਉੱਤੇ ਮੁਕੱਦਸ 'ਸ਼ਕਤੀ ਪੀਠ' ਬਣੇ ਹਨ ਜਿੱਥੇ ਨਾਰੀ ਸ਼ਕਤੀ ਦੀ ਅਰਾਧਨਾ ਕੀਤੀ ਜਾਂਦੀ ਹੈ। ਗੰਜਮ ਵਿੱਚ 'ਸਤਨ ਪੀਠ' ਬਣਿਆ ਹੈ ਕਿਉਂਕਿ ਇੱਥੇ ਸਤੀ ਦੀ ਸੱਜੀ ਛਾਤੀ ਗਿਰੀ ਸੀ।

ਗਾਵਨਿ੍ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥
ਗਾਵਨਿ੍ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥
(ਰਾਗ ਆਸਾ, ਗੁਰੂ ਨਾਨਕ)

ਸ਼ਿਵ, ਬ੍ਰਹਮਾ ਅਤੇ ਦੇਵੀ ਪਾਰਵਤੀ ਹਾਜ਼ਰਾ-ਹਜ਼ੂਰ ਦੀ ਮਹਿਮਾ ਗਾਉਂਦੇ ਹਨ; ਉਨ੍ਹਾਂ ਉੱਤੇ ਹਾਜ਼ਰਾ-ਹਜ਼ੂਰ ਦੀ ਰਹਿਮਤ ਦਾ ਖੇੜਾ ਹੈ।
ਹਾਜ਼ਰਾ-ਹਜ਼ੂਰ ਦੀ ਮਹਿਮਾ ਦਾ ਗਾਇਨ, ਇੰਦਰ ਆਪਣੇ ਇੰਦ੍ਰਾਸਣਿ ਤੇ ਕਰਦੇ ਹਨ ਜੋ ਸੇਵਾ ਵਿੱਚ ਜੁੜੇ ਦੇਵਤਿਆਂ ਨਾਲ ਬਿਰਾਜਮਾਨ ਹਨ।
(ਰਾਗ ਆਸਾ, ਗੁਰੂ ਨਾਨਕ)

'ਦੇਵ' ਸੰਸਕ੍ਰਿਤ ਦਾ ਸ਼ੱਬਦ ਹੈ ਜਿਸ ਦਾ ਇਸਤੇਮਾਲ ਪਹੁੰਚੇ ਹੋਏ ਮਨੁੱਖ ਲਈ ਕੀਤਾ ਜਾਂਦਾ ਹੈ, 'ਦੇਵਤਾ' ਇਸ ਦਾ ਮਰਦਾਨਾ ਅਤੇ 'ਦੇਵੀ' ਇਸ ਦਾ ਜ਼ਨਾਨਾ ਇਜ਼ਹਾਰ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਕਾਇਨਾਤੀ ਸ਼ਕਤੀਆਂ ਸਮੇਤ ਸਮੁੱਚੀ ਸਿਰਜਣਾ ਇੱਕੋ ਹਾਜ਼ਰਾ-ਹਜ਼ੂਰ ਸਿਰਜਣਹਾਰ ਦਾ ਰੂਪ ਹੈ ਜਿਹੜਾ ਔਰਤ ਅਤੇ ਮਰਦ ਦੀਆਂ ਵੰਡੀਆਂ ਅਤੇ ਵਿਤਕਰੇ ਦੀ ਪੈਮਾਇਸ਼ ਤੋਂ ਉੱਪਰ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੰਜਮ ਤੋਂ ਬਾਅਦ ਦੱਖਣ ਵਾਲੇ ਪਾਸੇ ਨੂੰ ਮੌਜੂਦਾ ਆਂਧਰਾ ਪ੍ਰਦੇਸ਼ ਦੇ ਸ਼ਹਿਰ ਗੁੰਟੂਰ ਨੂੰ ਚਾਲੇ ਪਾ ਦਿੱਤੇ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਗੰਜਮ ਤੋਂ ਗੁੰਟੂਰ ਜਾ ਰਹੇ ਹਾਂ।

ਤੇਲਗੂ ਬੋਲੀ ਵਿੱਚ ਗੁੰਟੂਰ ਦਾ ਮਾਅਨਾ ਪਾਣੀ ਦਾ ਤਲਾਅ ਹੈ। ਗੁੰਟੂਰ ਆਪਣੇ ਤਲਾਬਾਂ ਲਈ ਮਸ਼ਹੂਰ ਸੀ।

ਗੁੰਟੂਰ ਵਿੱਚ ਇੱਕ ਤਲਾਬ ਦੇ ਕੁਦਰਤੀ ਨਜ਼ਾਰੇ ਅਤੇ ਇਸ ਵਿੱਚ ਪਲਦੇ ਜੀਵਾਂ ਨੂੰ ਨਿਹਾਰਦੇ ਹੋਏ ਗੁਰੂ ਨਾਨਕ ਨੇ ਗਾਇਆ,

ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥
(ਰਾਗ ਮਾਰੂ, ਗੁਰੂ ਨਾਨਕ)

ਓ ਡੱਡੂ! ਤੈਨੂੰ ਕਦੇ ਥਾਹ ਨਹੀਂ ਪੈਣੀ।
ਤੂੰ ਤਾਂ ਨਿਰਮਲ ਜਲ ਵਿੱਚ ਰਹਿੰਦੇ ਹੋਏ ਵੀ ਗੰਦ ਹੀ ਖਾਣਾ ਹੈ ਅਤੇ ਤੈਨੂੰ ਨਿਰਮਲ ਅੰਮ੍ਰਿਤ ਜਲ ਦੀ ਕੋਈ ਕਦਰ ਨਹੀਂ।
(ਰਾਗ ਮਾਰੂ, ਗੁਰੂ ਨਾਨਕ)

ਡੱਡੂ ਅਤੇ ਕਮਲ ਦਾ ਫੁੱਲ ਇੱਕੋ ਤਲਾਅ ਵਿੱਚ ਰਹਿੰਦੇ ਹਨ। ਇੱਕ ਪਾਸੇ ਕਮਲ ਹਰ ਤਰ੍ਹਾਂ ਦੀ ਨਾਪਾਕੀਜ਼ਗੀ ਤੋਂ ਨਿਰਲੇਪ ਰਹਿੰਦਾ ਹੈ ਅਤੇ ਦੂਜੇ ਪਾਸੇ ਡੱਡੂ ਗੰਦ ਭੋਗਦਾ ਹੈ। ਅਸੀਂ ਵੀ ਦੁਨਿਆਵੀ ਲਾਲਸਾਵਾਂ ਵਿੱਚ ਡੁੱਬ ਕੇ ਖ਼ੁਦਾਈ ਤੋਂ ਅਣਜਾਣ ਰਹਿੰਦੇ ਹਾਂ। ਅਣਜਾਣ ਡੱਡੂ ਵਾਂਗ ਅਸੀਂ ਵੀ ਆਪਣੇ ਆਲੇ-ਦੁਆਲੇ ਦੇ ਉਸਾਰੂ ਤੱਤਾਂ ਦਾ ਲਾਹਾ ਲੈਣ ਤੋਂ ਲਾਂਭੇ ਰਹਿ ਜਾਂਦੇ ਹਾਂ।

ਅਸੀਂ 'ਬੜਾ ਉਦਾਸੀਨ ਮੱਠ' ਜਾ ਰਹੇ ਹਾਂ ਜੋ ਗੁਰੂ ਨਾਨਕ ਦੀ ਯਾਦ ਵਿੱਚ ਉਨ੍ਹੀਵੀਂ ਸਦੀ ਦੌਰਾਨ ਚੰਦੂ ਲਾਲ ਨੇ ਬਣਾਇਆ ਸੀ। ਚੰਦੂ ਲਾਲ ਹੈਦਰਾਬਾਦ ਦੇ ਨਿਜ਼ਾਮ ਦੇ ਵਜ਼ੀਰ ਸਨ। ਉਨ੍ਹਾਂ ਨੇ ਗੁਰੂ ਨਾਨਕ ਦੇ ਸੁਨੇਹੇ ਦੇ ਪ੍ਰਚਾਰ ਲਈ ਦੱਖਣੀ ਇੰਡੀਆ ਵਿੱਚ ਨਿੱਗਰ ਯੋਗਦਾਨ ਪਾਇਆ। ਉਨ੍ਹਾਂ ਨੇ ਹੀ ਗੁੰਟੂਰ, ਹੈਦਰਾਬਾਦ, ਕਾਂਚੀਪੁਰਮ, ਰਾਮੇਸ਼ਵਰਮ, ਤਿਰੁਚਿਰਾਪੱਲੀ ਅਤੇ ਤਿਰੁਵੰਨਾਮਲਾਈ ਵਿੱਚ ਮੱਠ ਬਣਵਾਏ।

**ਅਮਰਦੀਪ ਸਿੰਘ:** 'ਬੜਾ ਉਦਾਸੀਨ ਮੱਠ' ਗੁਰੂ ਨਾਨਕ ਦੇ ਗੁੰਟੂਰ ਦੇ ਇਲਾਕੇ ਵਿੱਚ ਆਉਣ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਕਿਸੇ ਵੇਲੇ ਇਸ ਤਰ੍ਹਾਂ ਦੇ 'ਉਦਾਸੀਨ ਮੱਠਾਂ' ਦਾ ਦੱਖਣ ਇੰਡੀਆ ਵਿੱਚ ਗੁਰੂ ਨਾਨਕ ਦੇ ਸੁਨੇਹੇ ਨੂੰ ਪਹੁੰਚਾਉਣ ਵਿੱਚ ਬਹੁਤ ਯੋਗਦਾਨ ਸੀ। ਵੀਹਵੀਂ ਸਦੀ ਦੇ ਸਮਾਜਿਕ-ਸਿਆਸੀ ਵਾਕਿਆਤ ਨੇ ਇਨ੍ਹਾਂ ਰੀਤਾਂ ਵਿੱਚ ਪਾੜ ਪਾਇਆ ਹੈ। ਮੌਜੂਦਾ ਦੌਰ ਵਿੱਚ ਇਨ੍ਹਾਂ ਮੱਠਾਂ ਦੀਆਂ ਗੁਰੂ ਨਾਨਕ ਨਾਲ ਜੁੜਦੀਆਂ ਜ਼ਾਹਿਰਾ ਤੰਦਾਂ ਅਲੋਪ ਹੋ ਗਈਆਂ ਹਨ।

**ਹਨੁਮਾਨ ਦਾਸ:** ਜਿਨਕੇ ਸਪਨੇ ਮੋਹ ਨਾ ਮਾਯਾ, ਉਦਾਸੀਨ ਧਮਦਾਨ ਨਾ ਆਯਾ। ਉਦਾਸੀਆਂ ਦਾ ਮੋਹ-ਮਾਇਆ ਨਾਲ ਕੋਈ ਲਾਗਾ ਨਹੀਂ, ਇਹੋ ਉਨ੍ਹਾਂ ਦਾ ਧਰਮ ਹੈ। ਅਸੀਂ ਗੁਰੂ ਨਾਨਕ ਨੂੰ ਕਲਯੁੱਗ ਵਿੱਚ ਵਿਸ਼ਨੂੰ ਦਾ ਅਵਤਾਰ ਮੰਨਦੇ ਹਾਂ। ਇਹ 'ਉਦਾਸੀ ਮੱਠ ੧੭੪੩ ਵਿੱਚ ਬਣਿਆ ਸੀ। ਪੰਜਾਬ ਤੋਂ ਵੀ ਸੰਤ ਆਉਂਦੇ

ਸਨ। ਪਹਿਲਾਂ ਅਸੀਂ ਗੁਰਮੁਖੀ ਪੜ੍ਹ ਲੈਂਦੇ ਸੀ। ਮੈਂ ਤਾਂ ਇਹ ਵੀ ਜਾਣਦਾ ਹਾਂ। ਇੱਥੇ ਸਾਡੇ ਮੰਤਰ ਦਿੱਤਾ ਜਾਂਦਾ ਸੀ।

ੴ ਸਤਗੁਰ ਪ੍ਰਸਾਦਿ, ਅਕਾਲ ਮੂਰਤਿ, ਅਜੂਨੀ ਸੈਭੰ, ਆਦਿ ਸਚ ਜੁਗਾਦਿ ਸਚ, ਹੈ ਭੀ ਸਚ, ਨਾਨਕ ਹੋਸੀ ਭੀ ਸਚ॥
(ਜਪੁ, ਗੁਰੂ ਨਾਨਕ)

ਉਹ ਹਾਜ਼ਰਾ-ਹਜ਼ੂਰ ਹੈ। ਉਸ ਦਾ ਅਹਿਸਾਸ ਰਹਿਮਤ ਦੀ ਰਹਿਨੁਮਾਈ ਨਾਲ ਹੁੰਦਾ ਹੈ। ਉਸ ਦੀ ਮੂਰਤ ਅਕਾਲ ਹੈ। ਉਹ ਅਜੂਨੀ ਹੈ। ਉਸ ਦੀ ਹੋਂਦ ਆਪਣੇ-ਆਪ ਵਿੱਚ ਮੁਕੰਮਲ ਹੈ। ਨਾਨਕ ਨੇ ਫ਼ਰਮਾਇਆ ਕਿ ਉਹ ਆਦਿ ਸਮੇਂ ਤੋਂ ਸੱਚ ਹੈ ਅਤੇ ਹੁਣ ਵੀ ਸੱਚ ਹੈ ਅਤੇ ਸਦਾ ਸੱਚ ਰਹੇਗਾ।
(ਜਪੁ, ਗੁਰੂ ਨਾਨਕ)

ਮੈਂ ਇਹ ਵੀ ਜਾਣਦਾ ਹਾਂ! ਤੁਹਾਡੇ ਸਮਝ ਆਇਆ? ਇਹ ਸਾਡੇ ਗੁਰੂ ਮੰਤਰ ਵਜੋਂ ਦਿੱਤਾ ਜਾਂਦਾ ਹੈ। ਸਾਡੇ ਉਦਾਸੀ ਸਾਧੂ ਗੁਰੂ ਮੰਤਰ ਵਜੋਂ ਇਹੋ ਦਿੰਦੇ ਹਨ। ਇਹ ਸੰਤਾਂ ਦੀ ਬੋਲੀ ਹੈ। ਉਦਾਸੀ ਸੰਪਰਦਾਇ ਵਿੱਚ ਹੁਣ ਤਾਂ ਘੱਟ ਹੋ ਗਈ ਪਰ ਪਹਿਲਾਂ ਬਹੁਤ ਬਾਣੀ ਸਿਖਾਉਂਦੇ ਸਨ। ਹੁਣ ਨਹੀਂ। ਹੁਣ ਸਾਨੂੰ ਗੁਰੂ ਨਾਨਕ ਦੀ ਬਾਣੀ ਯਾਦ ਨਹੀਂ।

ਇਸ ਬਜ਼ੁਰਗ ਤੋਂ ਗੁਰੂ ਨਾਨਕ ਦੀ ਬਾਣੀ ਸੁਣ ਕੇ ਪੁਰਾਣੇ ਦੌਰ ਦੀ ਨੇੜਤਾ ਦੀ ਤਸਦੀਕ ਹੁੰਦੀ ਹੈ।

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
(ਜਪ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਉਹ ਆਦਿ ਸਮੇਂ ਤੋਂ ਸੱਚ ਹੈ
ਅਤੇ ਹੁਣ ਵੀ ਸੱਚ ਹੈਅਤੇ ਸਦਾ ਸੱਚ ਰਹੇਗਾ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਰੂਹਾਨੀਅਤ ਦਾ ਫ਼ਲਸਫ਼ਾ ਕਾਇਨਾਤੀ ਹੈ ਜਿਸ ਦਾ ਹਰ ਜੀਅ ਲਾਹਾ ਲੈ ਸਕਦਾ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਗੁੰਟੂਰ ਤੋਂ ਦੱਖਣ ਵਾਲੇ ਪਾਸੇ ਨੂੰ ਸਫ਼ਰ ਜਾਰੀ ਰੱਖਿਆ ਅਤੇ ਕਾਂਚੀਪੁਰਮ ਪਹੁੰਚ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਹੁਣ ਗੁੰਟੂਰ ਤੋਂ ਕਾਂਚੀਪੁਰਮ ਜਾ ਰਹੇ ਹਾਂ।

**ਅਮਰਦੀਪ ਸਿੰਘ:** ਕਾਂਚੀਪੁਰਮ ਦੱਖਣੀ ਇੰਡੀਆ ਵਿੱਚ ਪੁਰਾਤਨ ਤੀਰਥ ਅਸਥਾਨ ਹੈ। ਗੁਰੂ ਨਾਨਕ ਦੇ ਦੌਰ ਵਿੱਚ ਇਹ ਬੋਧੀਆਂ, ਜੈਨੀਆਂ ਅਤੇ ਬ੍ਰਾਹਮਣਾਂ ਦਾ ਮਜ਼ਹਬੀ ਮਰਕਜ਼ ਸੀ।

ਸੰਸਕ੍ਰਿਤ ਦੇ ਸ਼ੱਬਦ 'ਸਪਤ ਪੁਰੀ' ਦਾ ਇਸਤੇਮਾਲ ਹਿੰਦੂ ਧਰਮ ਦੇ ਸੱਤ ਮੁਕੱਦਸ ਅਸਥਾਨਾਂ ਲਈ ਹੁੰਦਾ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਇਨ੍ਹਾਂ ਸੱਤ ਅਸਥਾਨਾਂ ਦਾ ਤੀਰਥ ਕਰ ਲੈਣ ਨਾਲ ਮੁਕਤੀ ਮਿਲਦੀ ਹੈ। ਇਹ ਅਸਥਾਨ ਹਨ; ਅਯੋਧਿਆ, ਮਥੁਰਾ, ਹਰਿਦਵਾਰ, ਵਾਰਾਣਸੀ, ਕਾਂਚੀਪੁਰਮ, ਉਜੈਨ ਅਤੇ ਦਵਾਰਕਾ।

ਇਨ੍ਹਾਂ ਤੀਰਥਾਂ ਉੱਤੇ ਜ਼ਿਆਰਤੀ ਵੱਡੀ ਗਿਣਤੀ ਵਿੱਚ ਆਉਂਦੇ ਸਨ। ਗੁਰੂ ਨਾਨਕ ਜ਼ਿਆਰਤੀਆਂ ਨਾਲ ਗੋਸ਼ਟਿ ਕਰਨ ਲਈ ਇਨ੍ਹਾਂ ਅਸਥਾਨਾਂ ਉੱਤੇ ਗਏ।

ਇਤਿਹਾਸ ਵਿੱਚ ਕਾਂਚੀਪੁਰਮ ਨੂੰ 'ਘਾਟੀਕਾਸਥਨਮ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਾ ਮਤਲਬ ਹੈ- ਵੱਖ-ਵੱਖ ਮਜ਼ਹਬਾਂ ਦੇ ਅਧਿਐਨ ਦਾ ਮਰਕਜ਼।

ਕਾਂਚੀਪੁਰਮ ਨੂੰ ਹਿੰਦੂ ਧਰਮ ਵਿੱਚ ਸ਼ਿਵ ਅਤੇ ਵਿਸ਼ਨੂੰ ਮਤਾਂ ਵਿੱਚ ਪਵਿੱਤਰ ਸ਼ਹਿਰ ਮੰਨਿਆ ਜਾਂਦਾ ਹੈ। ਅਸੀਂ ਇਕਾਂਬਰਨਾਥਰ ਮੰਦਿਰ ਜਾ ਰਹੇ ਹਾਂ ਜੋ ਮਿੱਟੀ ਦੀ ਨੁਮਾਇੰਦਗੀ ਕਰਦਾ ਹੈ। ਦੱਖਣੀ ਇੰਡੀਆ ਵਿੱਚ ਭਗਵਾਨ ਸ਼ਿਵ ਨੂੰ ਮਨਸੂਬ ਕੀਤੇ ਹੋਏ 'ਪੰਚ ਭੂਤ ਸਥਲ' ਮੰਦਿਰ ਹਨ। ਇਕਾਂਬਰਨਾਥਰ ਮੰਦਿਰ ਉਨ੍ਹਾਂ ਪੰਜ ਮੰਦਿਰਾਂ ਵਿੱਚੋਂ ਇੱਕ ਹੈ। ਇਹ ਮੰਦਿਰ ਪੰਜ ਕਾਇਨਾਤੀ ਤੱਤਾਂ ਦੀ ਨੁਮਾਇੰਦਗੀ ਕਰਦੇ ਹਨ- ਮਿੱਟੀ, ਪਾਣੀ, ਅੱਗ, ਹਵਾ ਅਤੇ ਅਛੋਹ ਆਸਮਾਨ।

ਉਂਧਉ ਖਪਰੁ ਪੰਚ ਭੂ ਟੋਪੀ॥
ਕਾਂਇਆ ਕੜਾਸਣੁ ਮਨੁ ਜਾਗੋਟੀ॥
ਸਤੁ ਸੰਤੋਖੁ ਸੰਜਮੁ ਹੈ ਨਾਲਿ॥
ਨਾਨਕ ਗੁਰਮੁਖਿ ਨਾਮੁ ਸਮਾਲਿ॥
(ਰਾਗ ਰਾਮਕਲੀ, ਗੁਰੂ ਨਾਨਕ)

ਰੂੜ੍ਹੀਵਾਦੀ ਸੋਚ ਨੂੰ ਭੀਖ ਮੰਗਣ ਵਾਲਾ ਕਟੋਰਾ ਬਣਾਓ। ਪੰਜ ਤੱਤਾਂ ਦੇ ਸਬਕਾਂ ਨੂੰ ਆਪਣੀ ਸਿਰ ਦੀ ਟੋਪੀ ਬਣਾਓ।
ਆਪਣੇ ਸਰੀਰ ਨੂੰ ਧਿਆਨ ਲਗਾਉਣ ਵਾਲੀ ਦਰੀ ਅਤੇ ਮਨ ਨੂੰ ਧੋਤੀ ਬਣਾਓ।
ਸੱਚ, ਸੰਤੋਖ ਅਤੇ ਸੰਜਮ ਨੂੰ ਆਪਣੇ ਸੰਗੀ ਬਣਾਓ।
ਹੇ ਨਾਨਕ, ਰੂਹਾਨੀ ਖੋਜ ਆਤਮ-ਪੜਚੋਲ ਨਾਲ ਬੱਝੀ ਹੋਈ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨੁੱਖਾ ਸਰੀਰ ਪੰਜ ਤੱਤਾਂ ਦਾ ਮੰਦਿਰ ਹੈ ਜਿਸ ਵਿੱਚ ਬੇਅੰਤ ਦਾ ਵਾਸਾ ਹੈ। ਬਾਹਰ ਭਾਲ ਕਿਉਂ ਕਰਨੀ ਹੈ? ਮੇਰੀ ਨਿਮਾਣੀ ਜਿਹੀ ਸਮਝ ਵਿੱਚ ਮਨੁੱਖਾ ਸਰੀਰ ਦਾ ਸਤਿਕਾਰ ਇਲਾਹੀ ਅਰਾਧਨਾ ਦੇ ਤੁੱਲ ਹੈ।

ਹੁਣ ਅਸੀਂ ਕਾਂਚੀਪੁਰਮ ਵਿੱਚ 'ਉਦਾਸੀਨ ਬਾਵਾ ਜੀ ਮੱਠ' ਜਾ ਰਹੇ ਹਾਂ।

ਇਹ 'ਉਦਾਸੀਨ ਮੱਠ' ਗੁਰੂ ਨਾਨਕ ਦੀ ਆਮਦ ਦੀ ਯਾਦ ਵਿੱਚ ਉਨ੍ਹੀਵੀਂ ਸਦੀ ਦੌਰਾਨ ਚੰਦੂ ਲਾਲ ਨੇ ਬਣਵਾਇਆ ਸੀ ਜੋ ਹੈਦਰਾਬਾਦ ਦੇ ਨਿਜ਼ਾਮ ਦੇ ਵਜ਼ੀਰ ਸਨ।

**ਅਮਰਦੀਪ ਸਿੰਘ:** 'ਉਦਾਸੀਨ ਸੰਪਰਦਾਇ' ਨੇ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਪਹੁੰਚਾਉਣ ਵਿੱਚ ਅਹਿਮ ਹਿੱਸਾ ਪਾਇਆ। ਜਦੋਂ ਮੈਂ ਉੱਨੀ ਸੌ ਚਰੰਨਵੇਂ (੧੯੯੪) ਵਿੱਚ ਕਾਂਚੀਪੁਰਮ ਦੇ 'ਉਦਾਸੀਨ ਮੱਠ' ਵਿੱਚ ਆਇਆ ਸੀ ਤਾਂ ਇਸ ਥੰਮ ਉੱਤੇ ਗੁਰੂ ਨਾਨਕ ਦਾ 'ਮੂਲ ਮੰਤਰ' ਉਕਰਿਆ ਹੋਇਆ ਸੀ।

ਜਦੋਂ ਮੈਂ ਪਿਛਲੀ ਵਾਰ ਇਸ ਅਸਥਾਨ ਉੱਤੇ ਆਇਆ ਸੀ ਤਾਂ ਮੇਰੀ ਮੁਲਾਕਾਤ ਨੱਬੇ ਸਾਲ ਦੇ 'ਉਦਾਸੀਨ' ਮਹੰਤ ਬਸੰਤ ਦਾਸ ਨਾਲ ਹੋਈ ਸੀ। ਉਨ੍ਹਾਂ ਦੇ ਗੁਰੂ ਨਾਨਕ ਦੀ ਬਾਣੀ ਸੁਣਾਉਣ ਦੀਆਂ ਯਾਦਾਂ ਮੇਰੇ ਮਨ ਉੱਤੇ ਉਕਰੀਆਂ ਪਈਆਂ ਹਨ। ਇਹ ਉਨ੍ਹਾਂ ਦੀ ਗੁਰੂ ਨਾਨਕ ਵਿੱਚ ਸ਼ਰਧਾ ਦੀ ਗਵਾਹੀ ਭਰਦਾ ਸੀ। ਮਹੰਤ ਬਸੰਤ ਦਾਸ ਦਾ ਪਿਛੋਕੜ ਉੜੀਆ ਸੀ ਪਰ 'ਉਦਾਸੀਆਂ' ਦੀ ਸੰਗਤ ਵਿੱਚ ਪਲੇ ਸਨ ਜੋ ਗੁਰੂ ਨਾਨਕ ਦਾ ਫ਼ਲਸਫ਼ਾ ਪੜ੍ਹਾਉਂਦੇ ਸਨ।

ਅਫ਼ਸੋਸ ਕਿ ਉਹ ਸਾਡੇ ਇਸ ਵਾਰ ਆਉਣ ਤੋਂ ਛੇ ਮਹੀਨੇ ਪਹਿਲਾਂ ਪੂਰੇ ਹੋ ਗਏ।

**ਸ਼ੰਕਰ:** ਮੇਰਾ ਨਾਮ ਸ਼ੰਕਰ ਹੈ ਜੀ। ਮੈਂ ਮੱਠ ਵਿੱਚ ਬਾਬਾ ਜੀ ਕੋਲ ਰਹਿੰਦਾ ਹਾਂ। ਉਨ੍ਹਾਂ ਨੇ ਮੈਨੂੰ ਬਚਪਨ ਤੋਂ ਪਾਲਿਆ ਸੀ।

**ਅਮਰਦੀਪ ਸਿੰਘ:** ਬਚਪਨ ਤੋਂ ਤੁਸੀਂ ਉਨ੍ਹਾਂ ਨਾਲ ਰਹੇ ਹੋ ਤਾਂ ਤੁਹਾਨੂੰ ਬਾਬਾ ਜੀ ਨੇ ਗੁਰੂ ਨਾਨਕ ਦੇ ਬਾਰੇ ਕੀ ਦੱਸਿਆ ਸੀ?

**ਸ਼ੰਕਰ:** ਉਹ ਗੁਰੂ ਨਾਨਕ ਜੀ ਦਾ ਪੂਰਾ ਪ੍ਰਚਾਰ ਕਰਦੇ ਸਨ। ਗ੍ਰੰਥ ਸਾਹਿਬ ਪੜ੍ਹਦੇ ਸਨ। ਉਨ੍ਹਾਂ ਦੇ ਬਾਰੇ ਵਿੱਚ ਪੂਰਾ ਦੱਸਦੇ ਸਨ।

**ਅਮਰਦੀਪ ਸਿੰਘ:** ਉਹ ਉੜੀਆ ਸਨ ਪਰ ਉਨ੍ਹਾਂ ਨੂੰ ਗੁਰਮੁਖੀ ਲਿਖਣੀ-ਪੜ੍ਹਨੀ ਆਉਂਦੀ ਸੀ।

**ਸ਼ੰਕਰ:** ਹਾਂ! ਗੁਰਮੁਖੀ ਆਉਂਦੀ ਸੀ। ਉਹ ਬਾਣੀ ਪੜ੍ਹਦੇ ਅਤੇ ਗਾਉਂਦੇ ਸਨ? ਸਭ ਕਰਦੇ ਸੀ। ਪ੍ਰਚਾਰ ਵੀ ਕਰਦੇ ਸਨ। ਓਹ ਆਉਣ-ਜਾਣ ਵਾਲੇ ਨੂੰ ਸਿੱਖਿਆ ਵੀ ਦਿੰਦੇ ਸਨ। ਆਉਣ ਵਾਲਿਆਂ ਦਾ ਆਦਰ-ਮਾਣ ਕਰਦੇ ਸਨ। ਲੰਗਰ ਛਕਾਉਂਦੇ ਸਨ। ਆਉਣ-ਜਾਣ ਵਾਲੇ ਸਾਧੂਆਂ ਨੂੰ ਦਕਸ਼ਿਣਾ ਦਿੰਦੇ ਸਨ। ਇਸੇ ਤਰ੍ਹਾਂ

ਪੰਜਾਬੀ ਅਤੇ ਸਿੱਖ ਆਉਂਦੇ ਸਨ। ਆਪ ਜੀ ਵਰਗੇ ਲੋਕ ਆਉਂਦੇ ਸਨ, ਉਨ੍ਹਾਂ ਅੱਗੇ ਗੁਰੂ ਨਾਨਕ ਦਾ ਪ੍ਰਚਾਰ ਕਰਦੇ ਸਨ। ਮਹਾਰਾਜ ਜੀ ਬਹੁਤ ਚੰਗੇ ਸਨ।

ਮਹੰਤ ਬਸੰਤ ਦਾਸ ਨਾਲ ਮੁਲਾਕਾਤ ਨਾ ਹੋਣ ਦੀ ਨਿਰਾਸ਼ਾ ਵਿੱਚ ਮੈਂ ਸੋਚ ਰਿਹਾ ਹਾਂ ਕਿ ਪੰਜ ਤੱਤਾਂ ਦਾ ਪੁਤਲਾ ਮਨੁੱਖਾ ਸਰੀਰ ਫ਼ਨਾਹ ਹੋ ਸਕਦਾ ਹੈ ਪਰ ਇਸ ਵਿੱਚੋਂ ਆਉਂਦੀ ਗਿਆਨ ਦੀ ਲੋਅ ਸਦਾ ਰੌਸ਼ਨ ਰਹਿੰਦੀ ਹੈ।

ਅਜਿਹੇ ਹਾਲਾਤ ਮੈਨੂੰ ਮਨੁੱਖਾ ਜੀਵਨ ਦੇ ਮਕਸਦ ਬਾਬਤ ਸੋਚਣ ਦੇ ਰਾਹ ਪਾਉਂਦੇ ਹਨ।

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ॥
ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ॥
(ਰਾਗ ਮਲਾਰ, ਗੁਰੂ ਨਾਨਕ)

ਮਨੁੱਖਾ ਸਰੀਰ ਚੇਤਨਾ ਦਾ ਘਰ ਹੈ। ਇਸ ਵਿੱਚ ਅਪਾਰ ਜੋਤ ਦਾ ਵਾਸਾ ਹੈ।
ਨਾਨਕ ਨੇ ਆਖਿਆ ਕਿ ਗੁਰਮੁਖ (ਰੂਹਾਨੀ ਝੁਕਾਅ ਵਾਲੇ) ਨੂੰ ਇਸ ਮਹਿਲ ਵਿੱਚ ਬੁਲਾਇਆ ਹੈ
ਜਿੱਥੇ ਮੇਲਣਹਾਰ ਨੇ ਆਤਮ-ਪੜਚੋਲ ਰਾਹੀਂ ਮੇਲੇ ਕਰਵਾਉਣੇ ਹਨ।
(ਰਾਗ ਮਲਾਰ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਮਨੁੱਖਾ ਜੀਵਨ ਦਾ ਮਕਸਦ ਤਜਰਬਿਆਂ ਤੋਂ ਸਿੱਖਣਾ ਅਤੇ ਕੀਮੀਆਈ ਤਬਦੀਲੀਆਂ ਦੀ ਲੋਚਾ ਹੈ ਜੋ ਆਤਮਾ ਨੂੰ ਉਸ ਦੇ ਸੋਮੇ ਨਾਲ ਇੱਕ-ਮਿੱਕ ਕਰਦੀਆਂ ਹਨ।

ਹੁਣ ਅਸੀਂ ਜੈਨ ਮੰਦਿਰ ਜਾ ਰਹੇ ਹਾਂ ਜੋ ਕਾਂਚੀਪੁਰਮ ਦੀਆਂ ਨਿਆਈਆਂ ਵਿੱਚ ਚੋਲਾ ਰਾਜਿਆਂ ਦਾ ਬਣਵਾਇਆ ਸੀ।

**ਅਮਰਦੀਪ ਸਿੰਘ:** ਕਾਂਚੀਪੁਰਮ ਦੇ ਬਾਹਰ-ਵਾਰ ਤ੍ਰਿਪਾਰੁਤੀਕੁਮਾਰਮ ਪਿੰਡ ਵਿੱਚ ਜੈਨ ਮੰਦਿਰ ਹੈ ਜਿੱਥੇ ਗੁਰੂ ਨਾਨਕ ਆਏ ਸਨ। ਇਸ ਮੰਦਿਰ ਨੂੰ ਜੈਨ ਕਾਂਚੀ ਵੀ ਕਹਿੰਦੇ ਹਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਇਸ ਅਸਥਾਨ ਉੱਤੇ ਇੱਕ ਜੈਨ ਭਿਕਸ਼ੂ ਨੇ ਨਿੱਘਾ ਸਵਾਗਤ ਕੀਤਾ। ਉਸ ਭਿਕਸ਼ੂ ਨੇ ਗੋਸ਼ਟਿ ਦੌਰਾਨ ਗੁਰੂ ਨਾਨਕ ਨਾਲ ਜੈਨ ਧਰਮ ਦੇ ਰੀਤ-ਰਿਵਾਜ਼ ਅਤੇ ਫ਼ਲਸਫ਼ੇ ਬਾਰੇ ਵਿਚਾਰ ਕਰਦੇ ਹੋਏ ਜੈਨੀਆਂ ਦੇ 'ਅਹਿੰਸਾ' ਨਾਲ ਜੁੜੇ ਬੁਨਿਆਦੀ ਅਸੂਲ ਅਤੇ ਅਮਲਾਂ ਬਾਰੇ ਗੱਲ ਕੀਤੀ। ਸਮੇਂ ਦੇ ਨਾਲ 'ਅਹਿੰਸਾ' ਨੇ ਸਖ਼ਤ ਦਸਤੂਰੀ ਪਾਬੰਦੀਆਂ ਦਾ ਰੂਪ ਧਾਰ ਲਿਆ। ਇਨ੍ਹਾਂ ਦਸਤੂਰ ਵਿੱਚ ਵਾਲਾਂ ਉੱਤੇ ਪਲਦੇ ਜੀਵਨ ਨੂੰ ਨੁਕਸਾਨ ਦੇ ਜੱਦ ਵਿੱਚ ਆਉਣ ਤੋਂ ਰੋਕਣ ਲਈ ਇਕੱਲਾ-ਇਕੱਲਾ ਵਾਲ ਪੁੱਟਣਾ ਅਤੇ ਪਾਣੀ ਦੇ ਜੀਆਂ ਨੂੰ ਮਰਨ ਤੋਂ ਬਚਾਉਣ ਲਈ ਪੀਣ ਵਾਲੇ ਪਾਣੀ ਨੂੰ ਸਾਫ਼ ਨਾ ਕਰਨਾ ਸ਼ਾਮਿਲ ਹੈ। ਉਸ ਭਿਕਸ਼ੂ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਉਨ੍ਹਾਂ ਨੇ ਆਪਣੇ-ਆਪ ਨੂੰ ਅਜਿਹੇ ਅਮਲਾਂ ਵਿੱਚ ਕਿਉਂ ਨਹੀਂ ਪਾਇਆ। ਗੁਰੂ ਨਾਨਕ ਨੇ ਗਾਇਆ,

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
(ਰਾਗ ਮਾਝ, ਗੁਰੂ ਨਾਨਕ)

ਸਿਰ ਤੋਂ ਵਾਲ-ਵਾਲ ਪਟਣਾ, ਮਲ ਵਾਲਾ ਪਾਣੀ ਪੀਣਾ ਅਤੇ ਮੰਗ ਕੇ ਖਾਣਾ।
ਮਲ ਤਿਆਗ ਦੇ ਕ੍ਰਿਆ ਦੌਰਾਨ ਭੜਾਸ ਲੈਣਾ ਪਰ ਕਿਸੇ ਜੀਅ ਨੂੰ ਮਾਰਨ ਤੋਂ ਬਚਾਉਣ ਲਈ ਸਾਫ਼ ਪਾਣੀ ਪੀਣ ਤੋਂ ਡਰਣਾ।
ਆਤਮ ਪੜਚੋਲ ਬਿਨਾ ਭੇਡਾਂ ਵਾਂਗ ਸਿਰ ਦੇ ਵਾਲ ਲਹਾਉਣਾ ਰੂਹਾਨਿਤ ਤੋਂ ਬਿਨਾਂ ਹੱਥਾਂ ਵਿੱਚ ਸੁਆਹ ਤੋਂ ਬਿਨਾਂ ਕੁਝ ਨਹੀਂ ਆਉਂਦਾ।
ਸਨਿਆਸ ਲੈ ਕੇ ਮਾਪਿਆਂ ਦੀ ਤਰਜ਼ਿ-ਜ਼ਿੰਦਗੀ ਨੂੰ ਤਿਲਾਂਜਲੀ ਦੇ ਦਿੰਦੇ ਹਨ ਜਿਸ ਕਾਰਨ ਉਨ੍ਹਾਂ ਦੇ ਟੱਬਰ ਪਰੇਸ਼ਾਨੀ ਵਿੱਚ ਧਾਹਾਂ ਮਾਰ ਕੇ ਰੋਂਦੇ ਹਨ।
(ਰਾਗ ਮਾਝ, ਗੁਰੂ ਨਾਨਕ)

ਸਖ਼ਤ ਰਹਿਤਾਂ ਮਨੁੱਖ ਅਤੇ ਸਮਾਜ ਦੀ ਤਰੱਕੀ ਦੇ ਰਾਹ ਵਿੱਚ ਰੋੜਾ ਬਣਦੀਆਂ ਹਨ। ਗੁਰੂ ਨਾਨਕ ਨੇ ਸਮਝਾਇਆ ਕਿ ਕਿਸੇ ਮਜ਼ਹਬ ਦੀ ਰੂਹਾਨੀ ਡੂੰਘਾਈ ਉਸ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਨਾਲ ਜੁੜੀ ਹੋਈ ਹੈ ਜੋ ਸੱਚੀ-ਸੁੱਚੀ ਸੋਚ, ਬਾਣੀ ਅਤੇ ਅਮਲ ਰਾਹੀਂ ਜ਼ਾਹਿਰ ਹੁੰਦੀ ਹੈ।

ਗੁਰੂ ਨਾਨਕ ਨੇ ਵੰਨ-ਸਵੰਨਤਾ ਦੇ ਮੇਲ ਉੱਤੇ ਜ਼ੋਰ ਦਿੱਤਾ। ਇਸ ਦੇ ਅਮਲੀ ਰੂਪ ਦਾ ਇੱਕ ਇਜ਼ਹਾਰ ਬਾਣੀ ਦੇ ਗਾਇਨ ਵਿੱਚ ਇਲਾਕਾਈ ਸੰਗੀਤ ਸ਼ੈਲੀਆਂ ਦਾ ਇਸਤੇਮਾਲ ਕਰਨਾ ਹੈ। ਉਨ੍ਹਾਂ ਦੀ ਬੰਦਿਸ਼ 'ਰਾਮਕਲੀ ਦੱਖਣੀ ਓਂਕਾਰ' ਨੂੰ ਦੱਖਣੀ ਭਾਰਤੀ ਸ਼ਾਸਤਰੀ ਸੰਗੀਤ ਪਰੰਪਰਾ ਵਿੱਚ ਰੱਖਿਆ ਜਾਂਦਾ ਹੈ।

ਗਗਨੁ ਅਗੰਮੁ ਅਨਾਥੁ ਅਜੋਨੀ॥
ਅਸਥਿਰੁ ਚੀਤੁ ਸਮਾਧਿ ਸਗੋਨੀ॥
(ਰਾਗ ਰਾਮਕਲੀ ਦਖਣੀ ਓਅੰਕਾਰ, ਗੁਰੂ ਨਾਨਕ)

ਕਾਇਨਾਤੀ ਊਰਜਾ ਅਗੰਮ, ਅਨਾਥ ਅਤੇ ਅਜੂਨੀ ਹੈ।
ਸੁਰਤੀ ਦਾ ਟਿਕਾਅ ਕਾਇਮ ਰੱਖਣਾ ਸਭ ਤੋਂ ਵਿਲੱਖਣ ਸਮਾਧੀ ਹੈ।
(ਰਾਗ ਰਾਮਕਲੀ ਦਖਣੀ ਓਅੰਕਾਰ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਦੱਖਣ ਵਾਲੇ ਪਾਸੇ ਨੂੰ ਅੱਗੇ ਵਧਦੇ ਹੋਏ ਕਾਂਚੀਪੁਰਮ ਤੋਂ ਤਿਰੁਵੰਨਾਮਲਾਈ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਤਿਰੁਵੰਨਾਮਲਾਈ ਜਾ ਰਹੇ ਹਾਂ।

**ਅਮਰਦੀਪ ਸਿੰਘ:** ਮੰਦਿਰ ਵਾਲਾ ਇਹ ਤੀਰਥ ਅਸਥਾਨ ਅੰਨਾਮਲਾਈ ਪਹਾੜੀਆਂ ਦੇ ਪੈਰਾਂ ਵਿੱਚ ਅਰੁਨਾਚਲ ਪਹਾੜੀ ਦੇ ਹੇਠਾਂ ਹੈ। ਇਹ ਸ਼ਹਿਰ ਅਰੁਣਾਚਾਲੇਸ਼ਵਰ ਮੰਦਿਰ ਲਈ ਮਸ਼ਹੂਰ ਹੈ। ਗੁਰੂ ਨਾਨਕ ਰੂਹਾਨੀਅਤ ਦੇ ਆਰਜ਼ੂਮੰਦਾਂ ਦੀ ਸੰਗਤ ਨਾਲ ਗੋਸ਼ਟਿ ਕਰਨ ਇਸ ਸ਼ਹਿਰ ਵਿੱਚ ਆਏ।

ਦੱਖਣੀ ਇੰਡੀਆ ਵਿੱਚ ਭਗਵਾਨ ਸ਼ਿਵ ਨੂੰ ਮਨਸੂਬ ਕੀਤੇ ਪੰਜ ਤੱਤਾਂ ਨਾਲ ਜੁੜੇ ਹੋਏ ਸ਼ਹਿਰਾਂ ਵਿੱਚ ਤਿਰੁਵੰਨਾਮਲਾਈ ਵੀ ਸ਼ਾਮਿਲ ਹੈ ਜੋ ਅਗਨੀ ਦੇ ਹਿੱਸੇ ਆਇਆ ਹੈ। ਇੱਥੇ ਅਰੁਣਾਚਲੇਸ਼ਵਰ ਮੰਦਿਰ ਵਿੱਚ ਅੱਗ ਦੀ ਅਰੁਣਾਚਲੇਸ਼ਵਰ ਵਜੋਂ ਪੂਜਾ ਹੁੰਦੀ ਹੈ। ਹਿੰਦੂ ਮਿਥਿਹਾਸ ਵਿੱਚ ਕਹਾਣੀ ਹੈ ਕਿ ਇੱਕ ਵਾਰ ਮਸਤੀ ਕਰਦਿਆਂ ਪਾਰਬਤੀ ਨੇ ਆਪਣੇ ਪਤੀ ਸ਼ਿਵ ਦੀਆਂ ਅੱਖਾਂ ਬੰਦ ਕਰ ਦਿੱਤੀਆਂ ਜਿਸ ਨਾਲ ਸਾਰੀ ਧਰਤੀ ਹਨੇਰੇ ਵਿੱਚ ਡੁੱਬ ਗਈ। ਤਸ਼ਬੀਹੀ ਪੱਖੋਂ ਇਸ ਦਾ ਮਾਅਨਾ ਬਣਦਾ ਹੈ, ਅਗਿਆਨਤਾ ਕਾਰਨ ਆਪਣੇ ਆਪ ਅਤੇ ਦੂਜਿਆਂ ਨੂੰ ਘੋਰ ਤਕਲੀਫ਼ ਵਿੱਚ ਪਾਉਣਾ। ਇਸ ਤੋਂ ਬਾਅਦ ਪਛਤਾਵਾ ਕਰਨ ਲਈ ਪਾਰਬਤੀ ਨੇ ਤਿਰੁਵੰਨਾਮਲਾਈ ਵਿੱਚ ਪਸ਼ਚਾਤਾਪ ਕੀਤਾ। ਭਗਵਾਨ ਸ਼ਿਵ ਨੇ ਅਰੁਣਾਚਲ ਪਹਾੜੀ ਦੀ ਚੋਟੀ ਉੱਤੇ ਅੱਗ ਜਲਾਈ ਜਿਸ ਦਾ ਤਸ਼ਬੀਹੀ ਮਾਅਨਾ ਸੀ, ਜਾਗਰੂਕਤਾ ਦੀ ਰੌਸ਼ਨੀ ਨਾਲ ਅਗਿਆਨਤਾ ਦਾ ਹਨੇਰਾ ਮਿਟਾਉਣਾ।

ਰੋਵਹਿ ਕਿਰਪਨ ਸੰਚਹਿ ਧਨੁ ਜਾਇ॥
ਪੰਡਿਤ ਰੋਵਹਿ ਗਿਆਨੁ ਗਵਾਇ॥
ਬਾਲੀ ਰੋਵੈ ਨਾਹਿ ਭਤਾਰੁ॥
ਨਾਨਕ ਦੁਖੀਆ ਸਭੁ ਸੰਸਾਰੁ॥
ਮੰਨੇ ਨਾਉ ਸੋਈ ਜਿਣਿ ਜਾਇ॥
ਅਉਰੀ ਕਰਮ ਨ ਲੇਖੈ ਲਾਇ॥
(ਰਾਗ ਰਾਮਕਲੀ, ਗੁਰੂ ਨਾਨਕ)

ਕੰਜੂਸ ਜਮ੍ਹਾਂ ਕੀਤੀ ਦੌਲਤ ਦੇ ਅਕਾਰਥ ਜਾਣ ਉੱਤੇ ਰੋਂਦੇ ਹਨ।
ਪੰਡਿਤ ਹਾਸਿਲ ਕੀਤੇ ਗਿਆਨ ਦੇ ਨਾਕਾਮਯਾਬ ਹੋ ਜਾਣ ਉੱਤੇ ਰੋਂਦੇ ਹਨ।
ਜਵਾਨ ਕੋਈ ਸੰਗੀ ਨਾ ਹੋਣ ਕਾਰਨ ਰੋਂਦੇ ਹਨ।
ਨਾਨਕ ਨੇ ਆਖਿਆ ਕਿ ਸਾਰਾ ਸੰਸਾਰ ਦੁਖੀ ਹੈ।
ਕੁਦਰਤ ਦੇ ਨੇਮ ਨਾਲ ਬੱਝਿਆ ਮਨੁੱਖ ਹੀ ਜੇਤੂ ਹੁੰਦਾ ਹੈ।
ਇਸ ਤੋਂ ਬਿਨਾਂ ਕੋਈ ਕਰਮ ਲੇਖੇ ਨਹੀਂ ਲਗਦਾ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਫ਼ਰਮਾਇਆ ਕਿ ਸਮੁੱਚੀ ਦੁਨੀਆ ਕਈ ਤਰ੍ਹਾਂ ਦੀ ਅਗਿਆਨਤਾ ਦਾ ਸ਼ਿਕਾਰ ਹੈ ਜਿਸ ਨੂੰ ਤਪ ਨਾਲ ਨਹੀਂ ਸਗੋਂ ਸੋਚ-ਵਿਚਾਰ ਨਾਲ ਦੂਰ ਕੀਤਾ ਜਾ ਸਕਦਾ ਹੈ।

**ਅਮਰਦੀਪ ਸਿੰਘ:** ਪੰਜਾਬ ਤੋਂ 'ਉਦਾਸੀਨ' ਸੰਪਰਦਾਇ ਦੇ ਮਹੰਤਾਂ ਨੇ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਦੂਰ-ਦੁਰਾਡੇ ਦੇ ਇਲਾਕਿਆਂ ਤੱਕ ਪਹੁੰਚਾਇਆ ਅਤੇ ਤਿਰੁਵੰਨਾਮਲਾਈ ਵਿੱਚ 'ਉਦਾਸੀਨ ਮੱਠ' ਬਣਵਾਇਆ। ਹੁਣ ਉਸ 'ਮੱਠ' ਦਾ ਇੱਥੇ ਕੋਈ ਨਾਮ-ਨਿਸ਼ਾਨ ਨਹੀਂ ਹੈ।

ਤਿਰੁਵੰਨਾਮਲਾਈ ਤੋਂ ਵਿਦਾ ਹੋਣ ਵੇਲੇ ਮੈਂ ਜ਼ਿੰਦਗੀ ਦੇ ਆਪਾ-ਵਿਰੋਧੀ ਪੱਖਾਂ ਬਾਰੇ ਸੋਚ ਰਿਹਾ ਹਾਂ, ਇੱਕ ਪਾਸੇ ਮਿੱਠਾ ਅਤੇ ਦੂਜੇ ਪਾਸੇ ਕੌੜਾ ਹੈ। ਦੋਵੇਂ ਪਾਸੇ ਦੀ ਇੰਤਹਾ ਲਾਲਸਾਵਾਂ ਦੇ ਵਸ ਪੈ ਕੇ ਤਨ ਅਤੇ ਮਨ ਦਾ ਤਵਾਜ਼ਨ ਵਿਗਾੜਦੀ ਹੈ। ਜਦੋਂ ਇਹੋ ਰੁਝਾਨ ਨਿੱਜ ਤੋਂ ਰਿਸ ਕੇ ਸਮਾਜ ਤੱਕ ਜਾਂਦਾ ਹੈ ਤਾਂ ਇਹ ਸਮਾਜਿਕ ਮਰਜ਼ਾਂ ਦਾ ਸਬੱਬ ਬਣਦਾ ਹੈ ਅਤੇ ਲੋਕਾਂ ਵਿੱਚ 'ਬਦ' 'ਇਤਫ਼ਾਕੀ' ਪੈਦਾ ਕਰਦਾ ਹੈ। ਗੁਰੂ ਨਾਨਕ ਨੇ ਸਾਨੂੰ ਇਸੇ ਮਰਜ਼ ਖ਼ਿਲਾਫ਼ ਚੌਕਸ ਕੀਤਾ ਹੈ।

ਮਿਠਾ ਕਉੜਾ ਦੋਵੈ ਰੋਗ॥
(ਰਾਗ ਸਾਰੰਗ, ਗੁਰੂ ਨਾਨਕ)

ਮਿੱਠੇ ਅਤੇ ਕੌੜੇ ਤਜਰਬਿਆਂ ਨਾਲ ਜੁੜਾਅ, ਦੋਵੇਂ ਰੋਗ ਹਨ।
(ਰਾਗ ਸਾਰੰਗ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤਿਰੁਵੰਨਾਮਲਾਈ ਤੋਂ ਦੱਖਣ ਵਾਲੇ ਪਾਸੇ ਨੂੰ ਤਿਰੁਚਿਰਾਪੱਲੀ ਦਾ ਸਫ਼ਰ ਕੀਤਾ।

ਹੁਣ ਅਸੀਂ ਤਿਰੁਵੰਨਾਮਲਾਈ ਤੋਂ ਤਿਰੁਚਿਰਾਪੱਲੀ ਜਾ ਰਹੇ ਹਾਂ।

ਅਸੀਂ ਤਿਰੁਚਿਰਾਪੱਲੀ ਵਿੱਚ ਵੈਸ਼ਨਵ ਮਤ ਦੇ ਸ਼੍ਰੀ ਰੰਗਮ ਮੰਦਿਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਤਿਰੁਚਿਰਾਪੱਲੀ ਵਿੱਚ ਵੈਸ਼ਨਵ ਮਤ ਦਾ ਸਭ ਤੋਂ ਮੁਕੱਦਸ ਮੰਦਿਰ ਹੈ ਜੋ ਕਾਵੇਰੀ ਅਤੇ ਕੋਲੀੜਮ ਨਦੀਆਂ ਦੇ ਵਿਚਕਾਰ ਬਣਿਆ ਹੈ। 'ਵੈਸ਼ਨਵੀ' ਮਤ ਦੇ ਦਸਤੂਰ ਨੂੰ ਵੇਖਣ ਲਈ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਸ ਅਸਥਾਨ ਉੱਤੇ ਕੁਝ ਸਮਾਂ ਗੁਜ਼ਾਰਿਆ।

ਇਸ ਸ਼ਹਿਰ ਵਿੱਚ ਗਿਆਰ੍ਹਵੀਂ ਸਦੀ ਦੌਰਾਨ ਭਗਤੀ ਲਹਿਰ ਨਾਲ ਜੁੜੇ ਵੈਸ਼ਨਵ ਮਤ ਦੇ ਸੰਤ ਰਾਮਾਨੁਜ ਨੇ ਆਪਣੀ ਜ਼ਿੰਦਗੀ ਦਾ ਆਖ਼ਰੀ ਸਮਾਂ ਗੁਜ਼ਾਰਿਆ।

ਤਿਰੁਚਿਰਾਪੱਲੀ ਵਿੱਚ ਗੁਰੂ ਨਾਨਕ ਦੀ ਯਾਦ ਵਿੱਚ ਇੱਕ 'ਉਦਾਸੀਨ ਮੱਠ' ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਚੰਦੂ ਲਾਲ ਨੇ ਬਣਵਾਇਆ ਸੀ ਜੋ ਹੈਦਰਾਬਾਦ ਦੇ ਨਿਜ਼ਾਮ ਦੇ ਵਜ਼ੀਰ ਸਨ। ਹੁਣ ਉਸ ਮੱਠ ਦੀ ਕੋਈ ਨਿਸ਼ਾਨੀ ਨਹੀਂ ਮਿਲਦੀ।

ਦੱਖਣੀ ਇੰਡੀਆ ਦੇ ਮੰਦਿਰ ਸਿਰਜਣਹਾਰ ਦੇ ਵੱਖ-ਵੱਖ ਰੂਪਾਂ ਨੂੰ ਮਨਸੂਬ ਹਨ। ਸਿਰਜਣਹਾਰ ਦਾ ਇਜ਼ਹਾਰ ਸ਼ਿਵ, ਵਿਸ਼ਨੂੰ ਅਤੇ ਬ੍ਰਹਮਾ ਵਜੋਂ ਹੋਇਆ ਹੈ। ਇਸ ਸਫ਼ਰ ਦੌਰਾਨ ਇਨ੍ਹਾਂ ਮੰਦਿਰਾਂ ਨੂੰ ਵੇਖਣ ਦਾ ਤਜਰਬਾ ਮੈਨੂੰ ਗੁਰੂ ਨਾਨਕ ਦਾ ਸੁਨੇਹਾ ਯਾਦ ਕਰਵਾਉਂਦਾ ਹੈ ਕਿ ਇਨ੍ਹਾਂ ਰੂਪਾਂ ਦਾ ਸੋਮਾ ਇੱਕ ਹੈ ਅਤੇ ਸਭ ਨੇ ਉਸੇ ਵਿੱਚ ਸਮਾ ਜਾਣਾ ਹੈ।

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ॥
ਸੁੰਨੇ ਵਰਤੇ ਜੁਗ ਸਬਾਏ॥
ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ॥
(ਰਾਗ ਮਾਰੂ, ਗੁਰੂ ਨਾਨਕ)

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਦੀ ਸਿਰਜਣਾ ਨਿਰੰਕਾਰ ਹਾਜ਼ਰਾ-ਹਜ਼ੂਰ ਨੇ ਕੀਤੀ ਹੈ।
ਨਿਰੰਕਾਰ ਹਾਜ਼ਰਾ-ਹਜ਼ੂਰ ਸਾਰੇ ਜੁੱਗਾਂ ਦਾ ਵਾਲੀ ਹੈ।
ਸਰਬ ਵਿਆਪਕਤਾ ਦੇ ਪਦ ਉੱਤੇ ਚੱਲ ਕੇ ਮਨੁੱਖ ਪੂਰਨ ਹੁੰਦਾ ਹੈ। ਇਸ ਵਿਵੇਕ ਦੀ ਪ੍ਰਾਪਤੀ ਨਾਲ ਹਰ ਭਰਮ ਮਿਟ ਜਾਂਦਾ ਹੈ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਤਿਰੁਚਿਰਾਪੱਲੀ ਤੋਂ ਬੰਦਰਗਾਹ ਵਾਲੇ ਸ਼ਹਿਰ ਨਾਗਾਪੱਟੀਨਮ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਤਿਰੁਚਿਰਾਪੱਲੀ ਤੋਂ ਨਾਗਾਪੱਟੀਨਮ ਜਾ ਰਹੇ ਹਾਂ।

ਨਾਗਾਪੱਟੀਨਮ ਸ਼ਬਦ 'ਨਗਰ' ਤੋਂ ਬਣਿਆ ਹੈ ਜਿਸ ਦੀ ਮੁਰਾਦ ਸ਼੍ਰੀ ਲੰਕਾਈ ਮੂਲ ਦੇ ਆਬਾਦਕਾਰਾਂ ਤੋਂ ਸੀ ਅਤੇ 'ਪੱਟੀਨਮ' ਦਾ ਅਰਥ ਸਾਹਿਲੀ ਸ਼ਹਿਰ ਹੈ। ਨਾਗਾਪੱਟੀਨਮ ਤਾਮਿਲਨਾਡੂ ਦਾ ਬੰਦਰਗਾਹ ਵਾਲਾ ਸ਼ਹਿਰ ਹੈ। ਇਹ ਕੁਡੁਵਾਯਾਰ ਨਦੀ ਦੇ ਬੰਗਾਲ ਦੀ ਖਾੜੀ ਵਿੱਚ ਪੈਣ ਵਾਲੇ ਮੂੰਹ ਉੱਤੇ ਵਸਿਆ ਹੈ।

**ਅਮਰਦੀਪ ਸਿੰਘ:** ਸਮੁੰਦਰ ਰਾਹੀਂ, ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨਾਗਾਪੱਟੀਨਮ ਤੋਂ ਸ਼੍ਰੀ ਲੰਕਾ ਦਾ ਸਫ਼ਰ ਕੀਤਾ।

ਪਹਿਲਾਂ ਸ਼੍ਰੀ ਲੰਕਾ ਅਤੇ ਇੰਡੀਆ ਵਿੱਚ ਇਹ ਸੌਦਾਗਰੀ ਦਾ ਉੱਘਾ ਰਾਹ ਸੀ।

ਗੁਰੂ ਨਾਨਕ ਦਾ ਸੌਦਾ ਨਿਰਾਲਾ ਸੀ। ਉਨ੍ਹਾਂ ਨੇ ਆਪਣੇ-ਆਪ ਨੂੰ ਸੌਦਾਗਰ ਕਰਾਰ ਦਿੱਤਾ ਜੋ ਸੋਚ-ਵਿਚਾਰ ਅਤੇ ਸਮੁੱਚੀ ਸਿਰਜਣਾ ਦੇ ਏਕੇ ਵਾਲੇ ਸੁਨੇਹੇ ਦੀ ਸੌਦਾਗਰੀ ਕਰਦਾ ਹੈ।

ਮੈ ਬਨਜਾਰਨਿ ਰਾਮ ਕੀ॥
ਤੇਰਾ ਨਾਮੁ ਵਖਰੁ ਵਾਪਾਰੁ ਜੀ॥
(ਰਾਗ ਗਉੜੀ ਬੈਰਾਗਣਿ, ਗੁਰੂ ਨਾਨਕ)

ਮੈਂ ਸਿਰਜਣਹਾਰੇ ਦਾ ਬਣਜਾਰਾ ਹਾਂ।
ਸਿਰਜਣਾ ਬਾਰੇ ਵਿਚਾਰ ਕਰਨਾ ਹੀ ਮੇਰਾ ਸੌਦਾ ਹੈ ਅਤੇ ਸੌਦਾਗਰੀ ਵੀ ਹੈ।
(ਰਾਗ ਗਉੜੀ ਬੈਰਾਗਣਿ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੩: ਵਿੱਲੀਪੁਨਰਵਨ (ਸੋਝੀ ਨੂੰ ਸੱਦਾ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਨੁਕਤੇ ਗੁਰੂ ਨਾਨਕ ਦੁਆਰਾ ਦੱਖਣੀ ਭਾਰਤ ਵਿਚ ਕੀਤੀ ਪਰਿਵਰਤਨਸ਼ੀਲ ਯਾਤਰਾ ਅਤੇ ਉਨ੍ਹਾਂ ਦੁਆਰਾ ਸਾਂਝੇ ਕੀਤੇ ਗਏ ਗੂੜ੍ਹ ਦਾਰਸ਼ਨਿਕ ਵਿਚਾਰਾਂ ਨੂੰ ਸਮਝਣ ਲਈ ਇਕ ਮੁਲਵਾਨ ਵਿਧੀ ਵਿਧਾਨ ਪੇਸ਼ ਕਰਦੇ ਹਨ। ਉਨ੍ਹਾਂ ਦੀਆਂ ਯਾਤਰਾਵਾਂ ਦੇ ਇਤਿਹਾਸਕ ਸੰਦਰਭ ਅਤੇ ਉਨ੍ਹਾਂ ਦੇ ਸੂਝ ਭਰਪੂਰ ਦਾਰਸ਼ਨਿਕ ਪਹਿਲੂਆਂ ਦੀ ਜਾਂਚ ਕਰਕੇ, ਸਾਨੂੰ ਇਸ ਗੱਲ ਦੀ ਡੂੰਘੀ ਸੋਝੀ ਪ੍ਰਾਪਤ ਹੁੰਦੀ ਹੈ ਕਿ ਉਨ੍ਹਾਂ ਦਾ ਸੰਦੇਸ਼ ਭੂਗੋਲਿਕ, ਸੱਭਿਆਚਾਰਕ ਅਤੇ ਧਾਰਮਿਕ ਸੀਮਾਵਾਂ ਤੋਂ ਕਿਵੇਂ ਪਾਰ ਗਿਆ। ਇਹ ਪ੍ਰਸ਼ਨ ਸਾਨੂੰ ਇਹ ਵਿਚਾਰਣ ਲਈ ਪ੍ਰੇਰਿਤ ਕਰਦੇ ਹਨ ਕਿ ਗੁਰੂ ਨਾਨਕ ਨੇ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਕਿਵੇਂ ਵਾਰਤਾਲਾਪ ਕੀਤਾ, ਬਾਹਰੀ ਆਡੰਬਰਾਂ ਦੀ ਆਲੋਚਨਾ ਕਰਦੇ ਹੋਏ ਰੂਹਾਨੀ ਸਚਾਈ ਦੀ ਏਕਤਾ ਉਤੇ ਕਿਵੇਂ ਜ਼ੋਰ ਦਿੱਤਾ। ਉਦਾਸੀ ਮਠਾਂ ਅਤੇ ਹੋਰ ਯਾਦਗਾਰੀ ਸਥਾਨਾਂ ਰਾਹੀਂ ਉਨ੍ਹਾਂ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਸਮੇਂ ਦੇ ਨਾਲ ਰੂਹਾਨੀ ਸੰਚਾਰ ਦੇ ਗਤੀਸ਼ੀਲ ਵਿਕਾਸ ਨੂੰ ਦਰਸਾਉਂਦਾ ਹੈ ਅਤੇ ਇਹ ਸਮਕਾਲੀ ਸਮਾਜ ਲਈ ਇਸਦੀ ਸਾਰਥਕਤਾ ਨੂੰ ਉਜਾਗਰ ਕਰਦਾ ਹੈ। ਇਨ੍ਹਾਂ ਚਰਚਾ ਨੁਕਤਿਆਂ ਰਾਹੀਂ, ਅਸੀਂ ਗੁਰੂ ਨਾਨਕ ਦੀ ਅਨੁਭਵੀ ਰੂਹਾਨੀਅਤ, ਮਨੁੱਖੀ ਸਰੂਪ ਦੀ ਪਵਿੱਤਰਤਾ, ਅਤੇ ਸਾਰੀ ਸ੍ਰਿਸ਼ਟੀ ਦੇ ਅੰਦਰ ਸਿਰਜਣਹਾਰ ਦੇ ਵਾਸੇ ਬਾਰੇ ਕੀਤੀ ਪੁਰਜ਼ੋਰ ਤਾਕੀਦ ਬਾਰੇ ਜਾਣ ਸਕਦੇ ਹਾਂ ਅਤੇ ਇਸ ਦੇ ਨਾਲ ਹੀ ਉਸ ਉਦਾਰਵਾਦੀ ਦ੍ਰਿਸ਼ਟੀਕੋਣ ਨੂੰ ਵੀ ਸਮਝ ਸਕਦੇ ਹਾਂ ਜੋ ਵੱਖ-ਵੱਖ ਧਰਮਾਂ ਲਈ ਇਕ ਪ੍ਰੇਰਣਾਮਈ ਸਰੋਤ ਬਣਿਆ ਹੋਇਆ ਹੈ। ਇਹ ਢਾਂਚਾ ਇਸ ਗੱਲ ਉਤੇ ਚਿੰਤਨ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਕਿਸ ਤਰ੍ਹਾਂ ਏਕਤਾ, ਕੁਦਰਤ ਅਤੇ ਮਨੁੱਖਤਾ ਵਿਚ ਦਿਵਯਤਾ ਦੀ ਪਹਿਚਾਣ ਬਾਰੇ ਦਿਤਾ ਉਨ੍ਹਾਂ ਦਾ ਪੈਗ਼ਾਮ, ਧਾਰਮਿਕ ਵੰਨ-ਸੁਵੰਨਤਾ ਨੂੰ ਸਤਿਕਾਰ ਅਤੇ ਸੂਝ ਨਾਲ ਸਮਝਣ ਲਈ ਮੁਲਵਾਨ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੁਆਰਾ ਕੀਤੀ ਦੱਖਣੀ ਭਾਰਤ ਦੀ ਯਾਤਰਾ ਦਾ ਧਰਾਤਲੀ ਅਤੇ ਰੂਹਾਨੀ ਮਹੱਤਵ ਕੀ ਸੀ?

ਇਹ ਐਪੀਸੋਡ ਗੁਰੂ ਨਾਨਕ ਦੁਆਰਾ ਕੀਤੀ ਦੱਖਣੀ ਭਾਰਤ ਦੀ ਵਿਸ਼ਾਲ ਯਾਤਰਾ ਦਾ ਬਿਰਤਾਂਤ ਪੇਸ਼ ਕਰਦਾ ਹੈ, ਇਨ੍ਹਾਂ ਧਾਰਮਿਕ ਕੇਂਦਰਾਂ ਵਿਚੋਂ ਹੋ ਕੇ ਜਾਣ ਵਾਲਾ ਰਸਤਾ ਉਨ੍ਹਾਂ ਦੀ ਸਲਾਹੁਣਯੋਗ ਚੋਣ ਦਾ ਹਿੱਸਾ ਸੀ। ਪੁਰੀ ਵਿਚ ਸਮਾਂ ਬਿਤਾਉਣ ਤੋਂ ਬਾਅਦ, ਗੁਰੂ ਨਾਨਕ ਅਤੇ ਭਾਈ ਮਰਦਾਨਾ ਗੰਜਮ, ਗੰਟੂਰ, ਕਾਂਚੀਪੁਰਮ, ਤਿਰੁਵਨਨਾਮਲਈ, ਤਿਰੁਚਿਰਾਪੱਲੀ ਰਾਹੀਂ ਨਾਗਾਪਟਨਮ ਦੀ ਬੰਦਰਗਾਹ ਤੱਕ ਪਹੁੰਚੇ। ਇਹ ਯਾਤਰਾ ਇਤਿਹਾਸਕ ਮਹੱਤਵ ਵਾਲੇ ਤੀਰਥ ਸਥਾਨਾਂ ਨਾਲ ਸੰਬੰਧਿਤ ਸੀ, ਹਿੰਦੂ ਪਰੰਪਰਾਵਾਂ ਅਨੁਸਾਰ ਕਾਂਚੀਪੁਰਮ 'ਸਪਤ ਪੁਰੀ' (ਸੱਤ ਪਵਿੱਤਰ ਥਾਵਾਂ) ਵਿਚੋਂ ਇਕ ਪਵਿੱਤਰ ਥਾਂ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹਨਾਂ ਸੱਤ ਥਾਵਾਂ ਦੀ ਤੀਰਥ ਯਾਤਰਾ ਕਰਨ ਨਾਲ ਰੂਹਾਨੀ ਮੁਕਤੀ ਮਿਲ ਸਕਦੀ ਹੈ। ਐਪੀਸੋਡ ਪੇਸ਼ ਕਰਦਾ ਹੈ ਕਿ ਗੁਰੂ ਨਾਨਕ ਨੇ ਇਹ ਸਥਾਨ ਸੂਝਪੂਰਵਕ ਢੰਗ ਨਾਲ ਚੁਣੇ: ਕਿਉਂ ਕਿ ਇਨ੍ਹਾਂ ਥਾਵਾਂ ਉਪਰ ਵੱਡੀ ਗਿਣਤੀ ਵਿਚ ਭਗਤ ਇਕੱਤਰ ਹੁੰਦੇ ਸਨ ਅਤੇ ਉਨ੍ਹਾਂ ਨਾਲ ਸੰਵਾਦ ਰਚਾਉਣਾ ਵਧੇਰੇ ਸਹਿਲਾ ਸੀ। ਇਨ੍ਹਾਂ ਧਾਰਮਿਕ ਕੇਂਦਰਾਂ ਦੀ ਸੋਚ-ਵਿਚਾਰ ਨਾਲ ਕੀਤੀ ਚੋਣ ਗੁਰੂ ਨਾਨਕ ਦੇ ਉਦੇਸ਼ ਅਤੇ ਵਿਸ਼ਵਵਿਆਪੀ ਸੰਦੇਸ਼ ਨੂੰ ਵੱਖ-ਵੱਖ ਸੱਭਿਆਚਾਰਕ ਅਤੇ ਧਾਰਮਿਕ ਧਰਾਤਲਾਂ ਉਪਰ ਫੈਲਾਉਣ ਬਾਰੇ ਕਿਵੇਂ ਦਰਸਾਉਂਦੀ ਹੈ?

੨. ਦੱਖਣੀ ਭਾਰਤ ਵਿਚ ਗੁਰੂ ਨਾਨਕ ਦੇ ਰੂਹਾਨੀਅਤ ਦੇ ਪੈਗ਼ਾਮ ਨੂੰ ਸੰਭਾਲਣ ਅਤੇ ਫੈਲਾਉਣ ਵਿਚ ਉਦਾਸੀ ਮਤ ਦਾ ਕੀ ਯੋਗਦਾਨ ਸੀ?
ਇਹ ਐਪੀਸੋਡ ਦੱਖਣੀ ਭਾਰਤ ਵਿਚ ਗੁਰੂ ਨਾਨਕ ਦੀ ਵਿਰਾਸਤ ਨੂੰ ਸੰਭਾਲਣ ਅਤੇ ਫੈਲਾਉਣ ਵਾਲੇ ਕੇਂਦਰਾਂ ਦੀ ਸਥਾਪਨਾ ਅਤੇ ਪ੍ਰਬੰਧ ਵਿਚ ਉਦਾਸੀ ਮਤ ਦੁਆਰਾ ਪਾਏ ਬਹੁਮੁਲੇ ਯੋਗਦਾਨ ਨੂੰ ਉਜਾਗਰ ਕਰਦਾ ਹੈ। ਇਸ ਵਿਚ ਉਲੇਖ ਕੀਤਾ ਗਿਆ ਹੈ ਕਿ 'ਉਦਾਸੀ ਮਠ' (ਉਦਾਸੀ ਸਾਧੂਆਂ ਦੁਆਰਾ ਚਲਾਏ ਜਾਣ ਵਾਲੇ ਗਿਆਨ ਕੇਂਦਰ) ਵਰਗੀਆਂ ਸੰਸਥਾਵਾਂ ਨੇ ਦੱਖਣੀ ਭਾਰਤ ਵਿਚ ਗੁਰੂ ਨਾਨਕ ਦਾ ਸੁਨੇਹਾ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਈ। ਗੰਟੂਰ ਵਿਖੇ ਗੁਰੂ ਨਾਨਕ ਦੀ ਯਾਦ ਵਿਚ 'ਵੱਡੇ ਉਦਾਸੀਨ ਮਠ' ਦੀ ਸਥਾਪਨਾ ੧੯ਵੀਂ ਸਦੀ ਦੇ ਸ਼ੁਰੂ ਵਿਚ ਚੰਦੂ ਲਾਲ ਦੁਆਰਾ ਕਰਵਾਈ ਗਈ ਸੀ, ਜੋ ਹੈਦਰਾਬਾਦ ਨਿਜ਼ਾਮ ਦੀ ਰਿਆਸਤ ਵਿਚ ਮੰਤਰੀ ਸਨ। ਉਨ੍ਹਾਂ ਨੇ ਗੁੰਟੂਰ, ਹੈਦਰਾਬਾਦ, ਕਾਂਚੀਪੁਰਮ, ਰਮੇਸ਼ਵਰਮ, ਤਿਰੁਚਿਰਾਪੱਲੀ ਅਤੇ ਤਿਰੁਵਨਨਾਮਲਈ ਵਿੱਚ ‘ਮਠਾਂ’ ਦੀ ਸਥਾਪਨਾ ਕਰਕੇ ਦੱਖਣ ਭਾਰਤ ਵਿਚ ਗੁਰੂ ਨਾਨਕ ਦੇ ਸੁਨੇਹੇ ਨੂੰ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਇਨ੍ਹਾਂ ਗਿਆਨ ਕੇਂਦਰਾਂ ਦਾ ਘੇਰਾ ਗੁਰੂ ਨਾਨਕ ਦੇ ਸੁਨੇਹੇ ਨੂੰ

ਵੱਖ-ਵੱਖ ਭੁਗੋਲਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਫੈਲਾਉਣ ਦੀਆਂ ਵਿਧੀਆਂ ਬਾਰੇ ਕੀ ਸੂਝ ਪ੍ਰਦਾਨ ਕਰਦਾ ਹੈ, ਅਤੇ ਕਾਂਚੀਪੁਰਮ ਵਿਚ ਇਨ੍ਹਾਂ ਪਰੰਪਰਾਵਾਂ ਨੂੰ ਜਿੰਦਾਂ ਰੱਖਣ ਵਿਚ ਮਹੰਤ ਬਸੰਤ ਦਾਸ ਵਰਗੇ ਅਧਿਆਪਕਾਂ ਦੀ ਕਿਸ ਤਰ੍ਹਾਂ ਦੀ ਭੂਮਿਕਾ ਨੂੰ ਦਰਸਾਉਂਦਾ ਹੈ?

੩. ਗੁਰੂ ਨਾਨਕ ਦੀ ਦੱਖਣੀ ਭਾਰਤ ਨਾਲ ਸੰਬੰਧਿਤ ਯਾਤਰਾ ਦੇ ਕਿਹੜੇ ਇਤਿਹਾਸਕ ਪ੍ਰਮਾਣ ਅੱਜ ਵੀ ਮੌਜੂਦ ਹਨ, ਅਤੇ ਸਮੇਂ ਦੇ ਨਾਲ ਕਿਹੜੇ ਅਲੋਪ ਹੋ ਗਏ?
ਇਹ ਐਪੀਸੋਡ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਸਥਾਨਾਂ ਦੀ ਸੰਭਾਲ ਅਤੇ ਵਿਨਾਸ਼ ਦੀ ਦੋਹਰੀ ਹਕੀਕਤ ਦੀ ਇਕ ਦਿਲਚਸ਼ਪ ਝਲਕ ਪੇਸ਼ ਕਰਦਾ ਹੈ। ਇਨ੍ਹਾਂ ਵਿਚੋਂ ਕੁਝ ਯਾਦਗਾਰੀ ਸਥਾਨ ਅਜੇ ਵੀ ਮੌਜੂਦ ਹਨ, ਅਤੇ ਕਈ ਸਥਾਨਾਂ ਦਾ ਗੁਰੂ ਨਾਨਕ ਦੇ ਰੂਹਾਨੀ ਸੰਦੇਸ਼ ਨਾਲ ਸੰਬੰਧ ਧੁੰਦਲਾ ਪੈ ਚੁਕਾ ਹੈ। ਇਤਿਹਾਸ ਅਨੁਸਾਰ ੨੦ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ ਵਾਪਰੀਆਂ ਸਮਾਜਿਕ-ਰਾਜਨੀਤਕ ਘਟਨਾਵਾਂ ਕਾਰਣ ਇਹ ਪਰੰਪਰਾਵਾਂ ਅਲੱਗ ਹੋ ਗਈਆਂ। ਮੌਜੂਦਾ ਸਮੇਂ ਵਿਚ, ਇਹਨਾਂ ਕੇਂਦਰਾਂ ਨਾਲ ਜੁੜੇ ਗੁਰੂ ਨਾਨਕ ਦੇ ਰਿਸ਼ਤੇ ਦੀ ਮਹਿਕ ਮੱਧਮ ਪੈ ਚੁਕੀ ਹੈ। ਤਿਰੁਵਨਨਾਮਲਈ ਵਿਚ ਇਹ ਉਲੇਖ ਮਿਲਦਾ ਹੈ ਕਿ ਪੰਜਾਬ ਤੋਂ ਆਏ 'ਉਦਾਸੀ ਸਾਧੂਆਂ, ਜਿਨ੍ਹਾਂ ਨੇ ਗੁਰੂ ਨਾਨਕ ਦੇ ਦਰਸ਼ਨ ਨੂੰ ਦੂਰ ਦੂਰ ਤੱਕ ਫੈਲਾਇਆ, ਉਨ੍ਹਾਂ ਦੁਆਰਾ ਇੱਥੇ ਇਕ 'ਉਦਾਸੀ ਮਠ' ਦੀ ਸਥਾਪਨਾ ਕੀਤੀ ਗਈ ਸੀ। ਹੁਣ ਇਹ 'ਮਠ' ਇੱਥੇ ਮੌਜੂਦ ਨਹੀਂ ਹੈ। ਓਸੇ ਤਰ੍ਹਾਂ ਤਿਰੁਚਿਰਾਪੱਲੀ ਵਿਚ ਵੀ ਇੱਕ ਮਠ ਸਥਾਪਿਤ ਕੀਤਾ ਗਿਆ ਸੀ, ਪਰ ਅੱਜ ਉੱਥੇ ਇਸ ਧਾਰਮਿਕ ਥਾਂ ਦਾ ਕੋਈ ਨਿਸ਼ਾਨੀ ਨਹੀਂ ਬਚਿਆ। ਕਿਹੜੇ ਕਾਰਨਾਂ ਨੇ ਇਹਨਾਂ ਖੇਤਰਾਂ ਵਿਚ ਗੁਰੂ ਨਾਨਕ ਦੀ ਵਿਰਾਸਤ ਤੋਂ ਸੰਬੰਧ ਤੋੜਣ ਵਿਚ ਭੂਮਿਕਾ ਨਿਭਾਈ ਹੋਵੇਗੀ, ਜਦਕਿ ਕਈ ਹੋਰ ਥਾਵਾਂ ਉੱਤੇ ਇਹ ਸੰਬੰਧ ਅਜੇ ਵੀ ਮਜ਼ਬੂਤ ਰੂਪ ਵਿਚ ਸਥਾਪਿਤ ਹਨ? ਅਤੇ ਇਹ ਹਾਲਾਤ ਸਦੀਆਂ ਤੱਕ ਰੂਹਾਨੀ ਵਿਰਾਸਤ ਨੂੰ ਸੰਭਾਲਣ ਵਿਚ ਆਉਣ ਵਾਲੀਆਂ ਚੁਣੌਤੀਆਂ ਬਾਰੇ ਕੀ ਦਰਸਾਉਂਦੇ ਹਨ?

੪. ਗੁਰੂ ਨਾਨਕ ਦੁਆਰਾ ਦੱਖਣੀ ਭਾਰਤ ਦੀ ਯਾਤਰਾ ਦੌਰਾਨ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਕਿਵੇਂ ਵਾਰਤਾਲਾਪ ਸਿਰਜਿਆ ਗਿਆ?
ਇਹ ਐਪੀਸੋਡ ਪੇਸ਼ ਕਰਦਾ ਹੈ ਕਿ ਗੁਰੂ ਨਾਨਕ ਵੱਖ-ਵੱਖ ਧਾਰਮਿਕ ਪਰੰਪਰਾਵਾਂ ਨਾਲ ਪਏ ਵਾਸਤੇ ਦੌਰਾਨ, ਪੂਰਨ ਆਦਰ ਪਰੰਤੂ ਸੁਧਾਰਕ ਦ੍ਰਿਸ਼ਟੀਕੋਣ ਨਾਲ ਵਾਰਤਾਲਾਪ ਰਚਾਉਂਦੇ। ਕਾਂਚੀਪੁਰਮ ਦੇ ਨੇੜੇ ਇਕ ਜੈਨ ਮੰਦਰ ਵਿਚ, ਜਦ ਉਨ੍ਹਾਂ ਨੂੰ 'ਅਹਿੰਸਾ' ਦੇ ਸਖ਼ਤ ਅਭਿਆਸ ਨਾ

ਕਰਨ ਉੱਤੇ ਸਵਾਲ ਕੀਤਾ ਗਿਆ, ਤਾਂ ਗੁਰੂ ਨਾਨਕ ਨੇ ਇਕ ਸਬਦ ਰਾਹੀਂ ਇਨ੍ਹਾਂ ਕਠੋਰ ਰਹਿਤਾਂ ਨੂੰ ਚੁਣੌਤੀ ਦਿੱਤੀ: ਇਕ-ਇਕ ਕਰਕੇ ਸਿਰ ਦੇ ਵਾਲ ਪੁਟਣੇ, ਗੰਦਾ ਪਾਣੀ ਪੀਣਾ, ਜੂਠਾ ਭੋਜਨ ਖਾਣ ਲਈ ਵੀ ਭੀਖ ਮੰਗਣੀ –ਬਿਨਾਂ ਸੋਚ ਵਿਚਾਰ ਤੋਂ ਕੀਤੇ ਇਹਨਾਂ ਅਭਿਆਸਾਂ ਰਾਹੀਂ ਕਿਸੇ ਵੀ ਰੂਹਾਨੀ ਮਰਕਜ਼ ਦੀ ਪ੍ਰਾਪਤੀ ਨਹੀਂ ਹੁੰਦੀ। ਐਪੀਸੋਡ ਦੱਸਦਾ ਹੈ ਕਿ ਗੁਰੂ ਨਾਨਕ ਨੇ ਵੰਨ-ਸੁਵੰਨਤਾ ਰਾਹੀਂ ਸੰਪਰਕ ਕਾਇਮ ਕਰਨ ਨੂੰ ਤਰਜੀਹ ਦਿੱਤੀ ਅਤੇ ਖੇਤਰੀ ਸੰਗੀਤ ਰਾਹੀਂ: 'ਰਾਮਕਲੀ ਦਖਣੀ ਓਅੰਕਾਰ ਨਾਮ ਦੀ ਬਾਣੀ ਰਚੀ, ਜਿਸ ਦਾ ਰਾਗ ਦੱਖਣੀ ਭਾਰਤੀ ਸੰਗੀਤ ਪ੍ਰਣਾਲੀ ਅੰਦਰ ਲੜੀਬੱਧ ਕੀਤਾ ਗਿਆ ਹੈ। ਪੁਰੀ ਵਿਚ ਉਨ੍ਹਾਂ ਪ੍ਰਮੁੱਖ ਜਗਨਨਾਥ ਮੰਦਰ ਦੀ ਯਾਤਰਾ ਕੀਤੀ ਅਤੇ ਕਾਂਚੀਪੁਰਮ ਵਿਚ ਉਨ੍ਹਾਂ ਨੇ ਸ਼ੈਵ ਅਤੇ ਵੈਸ਼ਣਵ ਪਰੰਪਰਾਵਾਂ ਦੋਹਾਂ ਨਾਲ ਵਾਰਤਾਲਾਪ ਕੀਤੀ। ਇਹ ਵਾਰਤਾਲਾਪ ਗੁਰੂ ਨਾਨਕ ਦਆਰਾ ਅਪਣਾਈ ਅੰਤਰਧਾਰਮਿਕ ਵਾਰਤਾਲਾਪ ਪ੍ਰਤੀ ਪਹੁੰਚ ਅਤੇ ਵਿਭਿੰਨ ਪਰੰਪਰਾਵਾਂ ਦੇ ਅੰਦਰ ਮੁੱਖ ਰੂਹਾਨੀ ਸੂਝ ਦਾ ਸਤਿਕਾਰ ਕਰਦੇ ਹੋਏ ਧਾਰਮਿਕ ਰੂੜੀਆਂ ਨੂੰ ਚੁਣੌਤੀ ਦੇਣ ਦੇ ਢੰਗ ਨੂੰ ਕਿਵੇਂ ਪ੍ਰਗਟ ਕਰਦੇ ਹਨ?

੫. ਗੁਰੂ ਨਾਨਕ ਦੀਆਂ ਦੱਖਣੀ ਭਾਰਤ ਦੀ ਯਾਤਰਾ ਨਾਲ ਸੰਬੰਧਿਤ ਯਾਦਾਂ ਨੂੰ ਸੰਭਾਲਣ ਵਿਚ ਯਾਦਗਾਰ ਢਾਂਚਿਆਂ ਨੇ ਕੀ ਭੂਮਿਕਾ ਨਿਭਾਈ?
ਇਹ ਐਪੀਸੋਡ ਕਈ ਅਜਿਹੇ ਸਥਾਨਾਂ ਦਾ ਵਰਣਨ ਕਰਦਾ ਹੈ ਜੋ ਗੁਰੂ ਨਾਨਕ ਦੀ ਦੱਖਣੀ ਭਾਰਤ ਯਾਤਰਾ ਦੀ ਯਾਦ ਵਿੱਚ ਬਣਾਏ ਗਏ ਸਨ। ਕਾਂਚੀਪੁਰਮ ਵਿਚ 'ਉਦਾਸੀਨ ਬਾਵਾ ਜੀ ਮੱਠ' ਦੀ ਸਥਾਪਨਾ ੧੯ਵੀਂ ਸਦੀ ਵਿਚ ਚੰਦੂ ਲਾਲ ਵਲੋਂ ਗੁਰੂ ਨਾਨਕ ਦੀ ਯਾਦ ਵਿਚ ਕੀਤੀ ਗਈ ਸੀ। ਬ੍ਰਿਤਾਂਤਕਾਰ ਇਸ ਤੱਥ ਦਾ ਖੁਲਾਸਾ ਕਰਦਾ ਹੈ ਕਿ ਉਨ੍ਹਾਂ ਨੇ ੧੯੯੪ ਦੀ ਆਪਣੀ ਪਿਛਲੀ ਯਾਤਰਾ ਦੌਰਾਨ ਇਕ ਥੰਮ ਉੱਤੇ 'ਮੂਲ ਮੰਤ੍ਰ ਉੱਕਰਿਆ ਹੋਇਆ ਵੇਖਿਆ ਸੀ। ਇਹਨਾਂ ਸਥਾਨਾਂ ਦੀ ਸੰਭਾਲ ਅਤੇ ਉਨ੍ਹਾਂ ਰਾਹੀਂ ਸੰਦੇਸ਼ ਦਾ ਪ੍ਰਸਾਰ ਮਹੰਤ ਬਸੰਤ ਦਾਸ ਵਰਗੇ ਸਮਰਪਿਤ ਵਿਅਕਤੀਆਂ ਉੱਤੇ ਨਿਰਭਰ ਕਰਦਾ ਸੀ, ਉਨ੍ਹਾਂ ਦੇ ਵਿਦਿਆਰਥੀ ਸ਼ੰਕਰ ਅਨੁਸਾਰ, ਮਹੰਤ ਬਸੰਤ ਦਾਸ ਗੁਰੂ ਨਾਨਕ ਦੇ ਸੰਦੇਸ਼ ਨੂੰ ਪ੍ਰਚਾਰਦੇ, 'ਗੁਰੂ ਗ੍ਰੰਥ ਸਾਹਿਬ' ਦਾ ਪਾਠ ਕਰਦੇ ਅਤੇ ਗੁਰਬਾਣੀ ਸਬਦਾਂ ਦੇ ਅਰਥ ਸਮਝਾਉਂਦੇ ਸਨ। ਇਹ ਸਥਾਨਕ ਯਾਦਗਾਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਮੌਖਿਕ ਪਰੰਪਰਾਵਾਂ, ਇਸ ਬਾਰੇ ਕੀ ਸੰਕੇਤ ਦਿੰਦੀਆਂ ਹਨ ਕਿ ਰੂਹਾਨੀ ਯਾਦਾਂ ਨੂੰ ਵੱਖ-ਵੱਖ ਸਭਿਆਚਾਰਾਂ ਅਤੇ ਸਮੇਂ ਰਾਹੀਂ ਕਿਵੇਂ ਸੰਭਾਲਿਆ ਜਾਂਦਾ ਹੈ, ਅਤੇ ਮੌਜੂਦ ਅਤੇ ਅਲੋਪ ਹੋ ਚੁਕੇ ਸਥਾਨਾਂ ਤੋਂ ਸਾਨੂੰ ਕੀ ਸਿੱਖਣ ਨੂੰ ਮਿਲਦਾ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਇਹ ਧਾਰਣਾ ਕਿ ਸਿਰਜਣਹਾਰ ਆਪਣੀ ਸ੍ਰਿਸ਼ਟੀ ਰਾਹੀਂ ਆਪਣਾ ਆਪ ਅਨੁਭਵ ਕਰਦਾ ਹੈ, ਦੈਵੀ ਅਤੇ ਮਨੁੱਖੀ ਰਿਸ਼ਤਿਆਂ ਦੀ ਪਾਰੰਪਰਿਕ ਸੂਝ ਨੂੰ ਕਿਵੇਂ ਨਵਾਂ ਰੂਪ ਦਿੰਦੀ ਹੈ?

ਐਪੀਸੋਡ ਵਿਚ ਗੁਰੂ ਨਾਨਕ ਦੇ ਸੰਦੇਸ਼ ਵਿਚ ਪੇਸ਼ ਕੀਤੀ ਗਈ ਇਕ ਗੰਭੀਰ ਦਾਰਸ਼ਨਿਕ ਧਾਰਣਾ ਨੂੰ ਰਾਗ ਆਸਾ ਵਿਚ ਪ੍ਰਗਟ ਕੀਤਾ ਗਿਆ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਸਰਬਵਿਆਪੀ ਰੂਹਾਨੀ ਊਰਜਾ ਨੇ ਬ੍ਰਹਿਮੰਡ ਦੀ ਰਚਨਾ ਇਸ ਲਈ ਕੀਤੀ ਹੈ ਤਾਂ ਜੋ ਉਹ ਆਪਣੀ ਹੀ ਸ੍ਰਿਸ਼ਟੀ ਰਾਹੀਂ ਆਪਣੇ ਆਪ ਨੂੰ ਅਨੁਭਵ ਕਰ ਸਕੇ। ਇਹ ਊਰਜਾ ਹਰ ਚੀਜ਼ ਨੂੰ ਵੇਖਦੀ, ਸਮਝਦੀ ਤੇ ਜਾਣਦੀ ਹੈ; ਇਹ ਸਾਡੇ ਅੰਦਰ ਅਤੇ ਬਾਹਰ ਹਰ ਥਾਂ ਵੱਸਦੀ ਹੈ। ਐਪੀਸੋਡ ਦੱਸਦਾ ਹੈ ਕਿ ਗੁਰੂ ਨਾਨਕ ਸੰਸਾਰ ਨੂੰ ਇਕ ਰੰਗਮੰਚ ਵਾਂਗ ਦੇਖਦੇ ਹਨ, ਜਿਸ ਨੂੰ ਸਿਰਜਣਹਾਰ ਨੇ ਬਣਾਇਆ ਹੈ ਅਤੇ ਜੋ ਆਪਣੀ ਸ੍ਰਿਸ਼ਟੀ ਉਪਰਲੀ ਜੀਵਨ ਖੇਡ ਦਾ ਅਨੁਭਵ ਇੰਦਰੀਆਂ ਰਾਹੀਂ ਕਰਦਾ ਹੈ। ਇਹ ਨਜ਼ਰੀਆ ਦੱਸਦਾ ਹੈ ਕਿ ਰੱਬ ਸਾਡੇ ਅੰਦਰ ਵੱਸਦਾ ਹੈ ਅਤੇ ਅਸੀਂ ਰੱਬ ਦੇ ਅੰਦਰ ਹਾਂ; ਅਸਲ ਵਿਚ, ਅਸੀਂ ਇਕ ਹੀ ਹਾਂ। ਇਹ ਵਿਚਾਰ ਰੱਬ ਅਤੇ ਮਨੁੱਖ ਵਿਚਲੇ ਰਵਾਇਤੀ ਵਿਛੋੜੇ ਨੂੰ ਖਤਮ ਕਰ ਕੇ ਇਕ ਨੇੜਲੇ ਰਿਸ਼ਤੇ ਦੀ ਗੱਲ ਕਰਦਾ ਹੈ, ਜਿਸ ਵਿਚ ਸ੍ਰਿਸ਼ਟੀ ਉਹ ਸਾਧਨ ਬਣ ਜਾਂਦੀ ਹੈ ਜਿਸ ਰਾਹੀਂ ਰੱਬ ਆਪਣੇ ਆਪ ਨੂੰ ਅਨੁਭਵ ਕਰਦਾ ਹੈ। ਇਹ ਦਾਰਸ਼ਨਿਕ ਨਜ਼ਰੀਆ ਰਵਾਇਤੀ ਧਾਰਮਿਕ ਢਾਂਚਿਆਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ ਅਤੇ ਮਨੁੱਖੀ ਜੀਵਨ ਦੇ ਉਦੇਸ਼ ਨੂੰ ਵੱਡੇ ਬ੍ਰਹਮੰਡੀ ਨਾਟ ਵਿਚ ਕਿਵੇਂ ਨਵੀਨ ਪਰਿਭਾਸ਼ਾ ਦਿੰਦਾ ਹੈ?

੨. ਜਗਨਨਾਥ ਮੰਦਰ ਵਿਚ ਆਪਣੀ ਪ੍ਰਤੀਕ੍ਰਿਆ ਰਾਹੀਂ ਗੁਰੂ ਨਾਨਕ ਦੀ ਦ੍ਰਿਸ਼ਟੀ ਵਿੱਚ ਕਰਮਕਾਂਡ ਬਨਾਮ ਪ੍ਰਮਾਣਿਕ ਰੂਹਾਨੀ ਸਾਧਨਾ ਦੇ ਕੀ ਰੂਪ ਸਾਹਮਣੇ ਆਉਂਦੇ ਹਨ?

ਐਪੀਸੋਡ ਜਗਨਨਾਥ ਮੰਦਰ ਵਿਚਲੇ ਉਸ ਇਕ ਮਹੱਤਵਪੂਰਨ ਪਲ ਨੂੰ ਦਰਸਾਉਂਦਾ ਹੈ ਜਦ ਗੁਰੂ ਨਾਨਕ ਨੇ ਉਥੇ ਚਲ ਰਹੀ ਆਰਤੀ (ਪੂਜਾ ਦੀ ਰਸਮ) ਦੇਖੀ। ਇਸ ਅਨੁਭਵ ਤੋਂ ਪ੍ਰੇਰਿਤ ਹੋ

ਉਨ੍ਹਾਂ ਨੇ ਇਕ ਸਬਦ ਦੀ ਰਚਨਾ ਕੀਤੀ ਜੋ ਸਿਰਫ਼ ਕਰਮਕਾਂਡਾਂ ਉੱਤੇ ਧਿਆਨ ਦੇਣ ਦੀ ਥਾਂ ਕੁਦਰਤ ਦਾ ਸਨਮਾਨ ਕਰਨ ਦੀ ਅਹਮੀਅਤ ਨੂੰ ਵਧਾਉਂਦਾ ਹੈ। ਰਾਗ ਧਨਾਸਰੀ ਵਿਚ ਦਰਜ਼ ਇਹ ਸਬਦ ਪੂਜਾ ਅਰਚਣਾ ਦੀ ਧਾਰਣਾ ਨੂੰ ਨਵੀਂ ਪਰਿਭਾਸ਼ਾ ਦਿੰਦਾ ਹੈ। ਇਸ ਵਿਚ ਆਕਾਸ਼ ਨੂੰ ਥਾਲ ਦੱਸਿਆ ਗਿਆ ਹੈ ਜਿਸ ਵਿਚ ਸੂਰਜ ਅਤੇ ਚੰਦ ਦੀਵੇ ਵਾਂਗ ਚਮਕਦੇ ਹਨ, ਜਦਕਿ ਤਾਰੇ ਤੇ ਨਕਸ਼ਤਰ ਸੁੰਦਰ ਮੋਤੀ ਹਨ। ਚੰਦਨ ਦੀ ਮਹਿਕ ਧੂਪ ਦੀ ਤਰ੍ਹਾਂ ਹੈ, ਹਵਾ ਚਉਰ ਦੀ ਤਰ੍ਹਾਂ ਝੂਲ ਰਹੀ ਹੈ ਅਤੇ ਹਰੀ-ਭਰੀ ਵਨਸਪਤੀ ਸਚੇ ਮਨ ਰੂਪੀ ਭੇਟ ਵਜੋਂ ਦਰਸਾਈ ਗਈ ਹੈ। ਉਹ ਜੋਰ ਦਿੰਦੇ ਹਨ ਕਿ ਜਦ ਰੱਬ ਕੁਦਰਤ ਦੇ ਹਰ ਕਣ ਵਿਚ ਵੱਸਦਾ ਹੈ, ਤਾਂ ਉਸਦੀ ਵਡਿਆਈ ਸਿਰਫ਼ ਕੁਝ ਚੀਜ਼ਾਂ ਦੀ ਪੂਜਾ ਕਰਕੇ ਕਰਨੀ ਤਰਕਸੰਗਤ ਨਹੀਂ। ਇਹ ਆਲੋਚਨਾ ਗੁਰੂ ਨਾਨਕ ਦੀ ਵਿਸ਼ਾਲ ਰੂਹਾਨੀ ਸਮਝ ਨੂੰ ਕਿਵੇਂ ਦਰਸਾਉਂਦੀ ਹੈ, ਅਤੇ ਉਨ੍ਹਾਂ ਧਾਰਮਿਕ ਰਸਮਾਂ ਉਪਰ ਇਹ ਕੀ ਪ੍ਰਭਾਵ ਪਾਉਂਦੀ ਹੈ ਜੋ ਸ੍ਰਿਸ਼ਟੀ ਦੇ ਸਾਰੇ ਪਹਿਲੂਆਂ ਵਿੱਚ ਦੈਵੀ ਸਤਾ ਦੀ ਮਾਨਤਾ ਨਾਲੋਂ ਕਰਮਕਾਂਡੀ ਰਸਮਾਂ 'ਤੇ ਵਧੇਰੇ ਜ਼ੋਰ ਦਿੰਦੀਆਂ ਹਨ?

੩. ਪੰਚ ਭੂਤ (ਪੰਜ ਤੱਤ) ਬਾਰੇ ਗੁਰੂ ਨਾਨਕ ਦੀ ਸਿੱਖਿਆ ਉਨ੍ਹਾਂ ਦੇ ਇਸ ਵਿਸ਼ਵਾਸ ਨਾਲ ਕਿਵੇਂ ਜੁੜੀ ਹੋਈ ਹੈ ਕਿ ਮਨੁੱਖੀ ਸਰੀਰ ਇਕ ਮੰਦਰ ਹੈ?

ਐਪੀਸੋਡ ਵਿਚ ਗੁਰੂ ਨਾਨਕ ਦੀ ਏਕੰਬਰਨਾਥਰ ਮੰਦਰ ਯਾਤਰਾ ਦਾ ਉਲੇਖ ਹੈ, ਜੋ ਦੱਖਣੀ ਭਾਰਤ ਦੇ ਪੰਜ 'ਪੰਚ ਭੂਤ ਸਥਾਨਾਂ' ਵਿਚੋਂ ਇਕ ਹੈ ਅਤੇ ਸ਼ਿਵ ਨੂੰ ਸਮਰਪਿਤ ਹੈ। ਹਰ ਮੰਦਰ ਬ੍ਰਹਮੰਡ ਦੇ ਇੱਕ ਤੱਤ — ਧਰਤੀ, ਪਾਣੀ, ਅੱਗ, ਹਵਾ ਅਤੇ ਆਕਾਸ਼ — ਦਾ ਪ੍ਰਤੀਕ ਹੈ। ਇਨ੍ਹਾਂ ਤੱਤ ਰੂਪੀ ਮੰਦਿਰਾਂ ਦੇ ਪ੍ਰਥਾਇ ਗੁਰੂ ਨਾਨਕ ਨੇ ਇਕ ਦ੍ਰਿਸ਼ਟਾਂਤ ਰੂਪੀ ਸਬਦ ਦੀ ਵਰਤੋਂ ਕਰ ਰੂੜ੍ਹੀਵਾਦੀ ਸੋਚ ਨੂੰ ਇਕ ਭੀਖ ਮੰਗਣ ਵਾਲੇ ਬਿਬੇਕਮਈ ਪਾਤਰ ਵਿਚ ਬਦਲਣ ਦੀ ਸੇਧ ਦਿੱਤੀ ਹੈ। ਉਹ ਸਝਾਉਂਦੇ ਹਨ ਕਿ ਇਹ ਪੰਜ ਤੱਤ ਸਿਰਫ਼ ਬਾਹਰੀ ਪੂਜਾ ਦੀ ਵਸਤੂ ਨਹੀਂ, ਸਗੋਂ ਇਹ ਸਾਡੀ ਰੂਹਾਨੀ ਅੰਤਰੀਵੀ ਸੂਝ ਦੇ  ਸੰਗੀ ਹਨ। ਗੁਰੂ ਨਾਨਕ ਸਮਝਾਉਂਦੇ ਹਨ ਕਿ ਮਨੁੱਖ ਦਾ ਸਰੀਰ ਇਕ ਮਹਲ, ਮੰਦਰ ਅਤੇ ਸਵੈ-ਜਾਗਰੂਕਤਾ ਦੇ ਘਰ ਦੀ ਤਰ੍ਹਾਂ ਹੈ, ਜਿਸ ਦੇ ਅੰਦਰ ਅਨੰਤ ਦੈਵੀ ਜੋਤ ਵੱਸਦੀ ਹੈ। ਇਹ ਐਪੀਸੋਡ ਗੁਰੂ ਨਾਨਕ ਦੇ ਇਸ ਵਿਸ਼ਵਾਸ ਨੂੰ ਦਰਸਾਉਂਦਾ ਹੈ ਕਿ ਪੰਜ ਤੱਤਾਂ ਨਾਲ ਬਣਿਆ ਮਨੁੱਖੀ ਸਰੀਰ ਇੱਕ ਪਵਿੱਤਰ ਮੰਦਰ ਹੈ ਜਿਥੇ ਅਨੰਤ ਵੱਸਦਾ ਹੈ। ਇਸ ਲਈ ਉਹ ਸਵਾਲ ਕਰਦੇ ਹਨ ਕਿ ਕੋਈ ਆਪਣੇ ਤੋਂ ਬਾਹਰ ਰੂਹਾਨੀ ਅਨੁਭਵ ਦੀ ਭਾਲ ਕਿਉਂ ਕਰੇਗਾ? ਉਨ੍ਹਾਂ ਦੇ ਨਵੀਨ ਨਜ਼ਰੀਏ ਵਿਚ, ਮਨੁੱਖਾ ਦੇਹੀ ਦੀ ਸਨਮਾਨ ਕਰਨਾ ਦੈਵੀ ਸਤਾ ਦੀ

ਪੂਜਾ ਦੇ ਤੁਲ ਹੈ। ਇਹ ਨਜ਼ਰੀਆ ਰਵਾਇਤੀ ਪੂਜਾ ਦੀ ਧਾਰਣਾ ਨੂੰ ਕਿਵੇਂ ਬਦਲਦਾ ਹੈ ਜਦੋਂ ਉਹ ਦੈਵੀ ਸਤਾ ਦੀ ਹਾਜ਼ਰਤਾ ਨੂੰ ਬਾਹਰੀ ਢਾਂਚਿਆਂ ਤੋਂ ਮਨੁੱਖਾ ਦੇਹੀ ਵਿਚ ਬਦਲ ਦਿੰਦੇ ਹਨ? ਅਤੇ ਇਹ ਸਾਡੇ ਦੁਆਰਾ ਆਪਣੀ ਅਤੇ ਦੂਸਰਿਆਂ ਦੀ ਦੇਹੀ ਨਾਲ ਕਰਨ ਵਾਲੇ ਸਲੂਕ ਪ੍ਰਤੀ ਕੀ ਨੈਤਿਕ ਪ੍ਰਭਾਵ ਪਾ ਸਕਦਾ ਹੈ?

੪. ਗੁਰੂ ਨਾਨਕ ਧਾਰਮਿਕ ਰਸਮਾਂ ਦੀ ਕਠੋਰ ਰੂਪ ਵਿਚ ਕੀਤੀ ਪਾਲਣਾ ਪ੍ਰਤੀ ਕੀ ਵਿਚਾਰ ਰੱਖਦੇ ਸਨ, ਅਤੇ ਉਨ੍ਹਾਂ ਨੇ ਉਸ ਸਮੇਂ ਦੀ ਧਾਰਮਿਕ ਰੂੜੀਵਾਦ ਮਾਨਤਾਵਾਂ ਨੂੰ ਕਿਵੇਂ ਚੁਣੌਤੀ ਦਿੱਤੀ? ਜਦ ਇੱਕ ਜੈਨ ਪੁਜਾਰੀ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਉਨ੍ਹਾਂ ਨੇ 'ਅਹਿੰਸਾ' ਦੀਆਂ ਕਠੋਰ ਰਸਮਾਂ ਦੀ ਪਾਲਣਾ ਕਿਉਂ ਨਹੀਂ ਕਰਦੇ, ਤਾਂ ਗੁਰੂ ਨਾਨਕ ਨੇ ਇਕ ਸਬਦ ਰਾਹੀਂ ਕਠੋਰ ਤਪੱਸਿਆ ਦੀ ਧਾਰਣਾ ਨੂੰ ਚੁਣੌਤੀ ਦਿੱਤੀ। ਉਨ੍ਹਾਂ ਨੇ ਵਿਸ਼ੇਸ਼ ਰਸਮਾਂ ਜਿਵੇਂ ਇਕ ਇਕ ਕਰਕੇ ਵਾਲ ਪੁਟਣੇ, ਗੰਦਾ ਪਾਣੀ ਪੀਣਾ ਅਤੇ ਜੂਠੇ ਭੋਜਨ ਵਿਚੋਂ ਭੀਖ ਮੰਗਣੀ, ਵੱਲ ਇਸ਼ਾਰਾ ਕੀਤਾ। ਉਨ੍ਹਾਂ ਸਮਝਾਇਆ ਭੇਡਾਂ ਦੀ ਤਰ੍ਹਾਂ ਬਿਨ੍ਹਾਂ ਸੋਚਿਆਂ ਕੀਤੇ ਇਹ ਕਰਮ ਕਿਸੇ ਵੀ ਰੂਹਾਨੀ ਉੱਨਤੀ ਵੱਲ ਨਹੀਂ ਲੈ ਜਾਂਦੇ। ਤਿਆਗ ਦੀ ਭਾਲ ਵਿਚ ਵਿਅਕਤੀ ਅਕਸਰ ਆਪਣੇ ਮਾਪਿਆਂ ਪ੍ਰਤੀ ਬਣਦੀ ਜ਼ਿੰਮੇਵਾਰੀਆਂ ਨੂੰ ਭੁੱਲ ਜਾਂਦਾ ਹੈ, ਜਿਸ ਨਾਲ ਉਸ ਦੇ ਪਰਿਵਾਰ ਨੂੰ ਦੁੱਖ ਪਹੁੰਚਦਾ ਹੈ। ਇਹ ਐਪੀਸੋਡ ਦਰਸਾਉਂਦਾ ਹੈ ਕਿ ਕਠੋਰ ਤਪੱਸਿਆ ਨਾਂ ਸਿਰਫ਼ ਵਿਅਕਤੀਗਤ ਬਲਕਿ ਸਮਾਜਿਕ ਵਿਕਾਸ ਲਈ ਵੀ ਰੁਕਾਵਟ ਬਣ ਸਕਦੀ ਹੈ। ਗੁਰੂ ਨਾਨਕ ਨੇ ਜ਼ੋਰ ਦਿੱਤਾ ਕਿ ਅਸਲ ਰੂਹਾਨੀਅਤ ਧਰਮ ਦੇ ਮੂਲ ਨਿਯਮਾਂ — ਵਿਚਾਰਾਂ, ਬੋਲਾਂ ਅਤੇ ਕਰਮਾਂ ਦੀ ਪਵਿੱਤਰਤਾ — ਨੂੰ ਅਮਲ ਵਿਚ ਲਿਆਉਣ ਰਾਹੀਂ ਆਉਂਦੀ ਹੈ। ਇਹ ਨਜ਼ਰੀਆ ਉਹਨਾਂ ਆਧੁਨਿਕ ਰੂਹਾਨੀ ਅਭਿਆਸਾਂ ਨੂੰ ਕਿਵੇਂ ਚੁਣੌਤੀ ਦਿੰਦਾ ਹੈ ਜੋ ਸਰੀਰਕ ਰਸਮਾਂ ਉੱਤੇ ਧਿਆਨ ਦਿੰਦੇ ਹਨ? ਅਤੇ ਗੁਰੂ ਨਾਨਕ ਦਾ ਫਲਸਫ਼ਾ ਰੂਹਾਨੀ ਮਰਿਯਾਦਾ ਅਤੇ ਅਮਲੀ ਜੀਵਨ ਵਿਚਾਲੇ ਕਿਸ ਤਰ੍ਹਾਂ ਦੇ ਸੰਤੁਲਨ ਦੀ ਸੇਧ ਦਿੰਦਾ ਹੈ?

੫. ਗੁਰੂ ਨਾਨਕ ਦਾ 'ਏਕਤਾ' ਦਾ ਪੈਗ਼ਾਮ ਵੱਖ ਵੱਖ ਧਾਰਮਿਕ ਪ੍ਰਗਟਾਵਿਆਂ ਅਤੇ ਰੂਪਾਂ ਨੂੰ ਕਿਵੇਂ ਕਲਾਵੇ ਵਿਚ ਲੈਂਦਾ ਹੈ?
ਪੂਰੇ ਐਪੀਸੋਡ ਵਿਚ ਗੁਰੂ ਨਾਨਕ ਦਾ ਸੰਦੇਸ਼ ਵੱਖ ਵੱਖ ਧਾਰਮਿਕ ਪ੍ਰਗਟਾਵਾਂ ਵਿਚ ਲੁਕੇ ਹੋਏ ਏਕਤਾ ਦੇ ਤੱਤ ਦੀ ਪੁਸ਼ਟੀ ਕਰਦਾ ਹੈ। ਤ੍ਰਿਮੂਰਤੀ ਦੇ ਸੰਦਰਭ ਵਿਚ ਉਹ ਕਹਿੰਦੇ ਹਨ ਕਿ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਸਾਰੇ ਨਿਰਾਕਾਰ ਸਰਬਵਿਆਪੀ ਦੇ ਰੂਪ ਹਨ। ਇਹ ਸਰਬਵਿਆਪੀ

ਤੱਤਸਾਰ ਸਾਰੇ ਯੁਗਾਂ ਵਿੱਚ ਮੌਜੂਦ ਰਹਿਆ ਹੈ ਅਤੇ ਇਸਦਾ ਗਿਆਨ ਹੋਣ 'ਤੇ ਸੰਦੇਹ ਮਿਟ ਜਾਂਦਾ ਹੈ। ਨਰ ਅਤੇ ਮਾਦਾ ਦੈਵੀ ਰੂਪਾਂ ਦੀ ਚਰਚਾ ਕਰਦਿਆਂ, ਗੁਰੂ ਨਾਨਕ ਸਮਝਾਉਂਦੇ ਹਨ ਕਿ ਪੂਰੀ ਸ੍ਰਿਸ਼ਟੀ, ਜਿਸ ਵਿਚ ਆਕਾਸ਼ੀ ਊਰਜਾਵਾਂ ਵੀ ਸ਼ਾਮਲ ਹਨ, ਇਕੋ ਸਰਬਵਿਆਪੀ ਸਿਰਜਣਹਾਰ ਦਾ ਪ੍ਰਗਟਾਵ ਹਨ ਜੋ ਨਰ ਅਤੇ ਨਾਰੀ ਦੇ ਭਿੰਨ-ਭਿੰਨ ਰੂਪਾਂ ਤੋਂ ਪਰੇ ਹੈ। ਇਹ ਨਜ਼ਰੀਆ ਉਨ੍ਹਾਂ ਦੇ ਸੰਦੇਸ਼ ਨੂੰ ਧਾਰਮਿਕ ਹੱਦਾਂ ਤੋਂ ਪਾਰ ਲੈ ਜਾਂਦਾ ਹੈ, ਜਿਸ ਦੀ ਉਦਾਹਰਨ ਭਦਰਕ ਪਿੰਡ ਦੀ ਉਹ ਪਰੰਪਰਾ ਹੈ ਜਿਥੇ ਅਜੇ ਵੀ ਇਕ ਨਾਟਕ ਖੇਡਿਆ ਜਾਂਦਾ ਜਾਂਦਾ ਹੈ, ਜਿਸ ਵਿਚ ਗੁਰੂ ਨਾਨਕ ਏਕਤਾ ਦੇ ਵਿਸ਼ਵਵਿਆਪੀ ਮੁੱਲ ਪ੍ਰਗਟ ਕਰਦੇ ਹਨ ਅਤੇ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਅਸੀਂ ਰਾਮ (ਹਿੰਦੂ ਵਿਸ਼ਵਾਸ) ਅਤੇ ਰਹਿਮਾਨ (ਇਸਲਾਮਿਕ ਵਿਸ਼ਵਾਸ) ਵਿਚਕਾਰ ਵੰਡ ਨਹੀਂ ਕਰਣੀ ਚਾਹੀਦੀ। ਉਹ ਹਰ ਇਕ ਨੂੰ ਆਪਣਾ ਦਿਲ ਪਵਿੱਤਰ ਰੱਖਣ, ਸਭ ਨੂੰ ਅਪਣਾਉਣ ਅਤੇ ਮਨੁੱਖਤਾ ਉੱਤੇ ਧਿਆਨ ਕੇਂਦਰਿਤ ਕਰਨ ਦੀ ਪ੍ਰੇਰਣਾ ਦਿੰਦੇ ਹਨ। ਗੁਰੂ ਨਾਨਕ ਦੀ ਏਕਤਾ ਦੀ ਧਾਰਨਾ ਇਕ ਏਕੀਕ੍ਰਿਤ ਰੂਹਾਨੀ ਦ੍ਰਿਸ਼ਟੀ ਨੂੰ ਕਾਇਮ ਰਖਦਿਆਂ ਹੋਇਆਂ ਵੱਖ-ਵੱਖ ਧਾਰਮਿਕ ਚਿੰਨ੍ਹਾਂ ਅਤੇ ਅਭਿਆਸਾਂ ਦੇ ਏਕੀਕਰਨ ਦੀ ਆਗਿਆ ਕਿਵੇਂ ਦਿੰਦੀ ਹੈ? ਸਮਕਾਲੀ ਬਹੁ-ਸੱਭਿਆਚਾਰਕ ਸਮਾਜਾਂ ਵਿੱਚ ਅੰਤਰ-ਧਰਮ ਸੰਬੰਧ ਸਥਾਪਿਤ ਕਰਨ ਵਿਚ ਇਸਦਾ ਕੀ ਪ੍ਰਭਾਵ ਹੈ?